# ਤੇਰਾ ਘਰ
# ਸੋ
# ਮੇਰਾ ਘਰ

ਪ੍ਰੋ: ਹਰਚਰਨ ਸਿੰਘ ਐਮ. ਏ.

# ਹਰਚਰਨ ਸਿੰਘ ਰਚਿਤ

ਨਾਟਕ–

ਪੁੰਨਿਆ ਦਾ ਚੰਨ
ਰੱਤਾ ਸਾਲੂ
ਅਨਜੋੜ
ਦੋਸ਼
ਖੇਡਣ ਦੇ ਦਿਨ ਚਾਰ
ਰਾਜਾ ਪੋਰਸ
ਦੂਰ ਦੁਰਾਡੇ ਸ਼ਹਿਰੋਂ
ਕਮਲਾ ਕੁਮਾਰੀ

ਇਕਾਂਗੀ–

ਜੀਵਨ ਲੀਲ੍ਹਾ
ਸਪਤ ਰਿਸ਼ੀ
ਪੰਜ ਗੀਟੜਾ
ਪੰਜ ਪਰਧਾਨ
ਮੇਰੇ ਚੋਣਵੇਂ ਇਕਾਂਗੀ

ਕਹਾਣੀ–

ਸਿੱਪੀਆਂ
ਨਵੀਂ ਸਵੇਰ

ਇਤਿਹਾਸ–

ਪੰਜਾਬੀ ਸਾਹਿਤ ਦਾ ਇਤਿਹਾਸ (ਪਾਕਟ ਐਡੀਸ਼ਨ)

## ਪਾਤਰ

(ਰੰਗ ਮੰਚ ਤੇ ਆਣ ਅਨੁਸਾਰ)

ਬਾਬਾ ਗੁਰਦਿੱਤਾ ਮੱਲ
ਈਸਰ
ਭੋਲੇ ਸ਼ਾਹ
ਚੌਧਰੀ
ਨੂਰ ਮੁਹੰਮਦ
ਰੱਜੀ
ਸਰਦਾਰਾ ਸਿੰਘ
ਕਰਤਾਰਾ ਰਾਮ
ਮੌਲਵੀ ਸਾਹਿਬ
ਬੋਬੋ
ਸ਼ਹਿਰੀਆ
ਜੈ ਕੌਰ
ਸਤਿਆ
ਬਾਜ਼ੀਗਰਨੀ

ਇਹ ਨਾਟਕ ਪਹਿਲੀ ਵਾਰ ਚੰਡੀ ਗੜ੍ਹ ਗੌਰਮਿੰਟ ਕਾਲਜ ਦੇ ਹਾਲ ਵਿਚ ੧੪ ਅਤੇ ੧੫ ਮਾਰਚ ੧੯੫੩ ਨੂੰ ਹੇਠ ਲਿਖੇ ਖਿਡਾਰੀਆਂ ਨੇ ਖੇਡਿਆ: –

| | |
|---|---|
| ਬਾਬਾ ਗੁਰਦਿਤਾ ਮਲ ... ... ... | ਚਰਨ ਜੀਤ ਮਰਵਾਹਾ |
| ਈਸਰ ... ... ... | ਸੁਰਿੰਦਰ ਸੰਧੂ |
| ਭੋਲੇ ਸ਼ਾਹ ... ... ... | ਕੇ. ਐਲ. ਪੁਰੀ |
| ਚੌਧਰੀ ... ... ... | ਸ਼ਮਸ਼ੇਰ ਸਿੰਘ |
| ਨੂਰ ਮੁਹੰਮਦ ... ... ... | ਜੇ. ਸੀ. ਮਹਿਤਾ |
| ਰੱਜੀ ... ... ... | ਮਿਸਿਜ਼ ਐਚ. ਐਸ. |
| ਸਰਦਾਰਾ ... ... ... | ਪੀ. ਐਸ. ਨਿਰਦੋਸ਼ |
| ਕਰਤਾਰਾ ਰਾਮ ... ... ... | ਜਗਦੀਸ਼ ਚੰਦਰ |
| ਮੌਲਵੀ ਸਾਹਿਬ ... ... ... | ਪ੍ਰੀਤਮ ਸਿੰਘ |
| ਬੋਬੋ ... ... ... | ਪ੍ਰਿਤਪਾਲ ਭੋਲੀ |
| ਸ਼ਹਿਰੀਆ ... ... ... | ਕਸਤੂਰੀ ਲਾਲ ਮਹਿਤਾ |
| ਜੈ ਕੌਰ ... ... ... | ਦਲੀਪ |
| ਸਤਿਆ ... ... ... | ਦਰਸ਼ਨ |
| ਸਰਦਾਰਾ (ਛੋਟੀ ਉਮਰ ਵਿਚ) | ਸੁਰਜੀਤ ਸਿੰਘ |
| ਕਰਤਾਰਾ (ਛੋਟੀ ਉਮਰ ਵਿਚ) | ਅਮਰਜੀਤ ਸਿੰਘ |
| ਬਾਜ਼ੀਗਰਨੀ ... ... ... | ਪ੍ਰਿਤਪਾਲ |

## ਪਰਦੇ ਪਿੱਛੇ

| | |
|---|---|
| ਨਿਰਦੇਸ਼ਕ : | ਹਰਚਰਨ ਸਿੰਘ |
| ਸੈਟਿੰਗ : | ਸ਼ਬੀਲ ਕੁਮਾਰ |
| ਪ੍ਰਬੰਧ : | ਰਘਬੀਰ ਸਿੰਘ 'ਵੀਰ' |
| ਸੰਗੀਤ : | ਅਮਰੀਕ ਸਿੰਘ ਰੇਡੀਓ ਕਲਾਕਾਰ |

"ਵਧੀਆ ਥੀਏਟਰ (ਨਾਟਕ) ਉਹ ਹੈ, ਜੋ ਜੀਉਂਦਾ ਥੀਏਟਰ ਹੈ। ਇਹ ਤਾਂ ਜ਼ਿੰਦਗੀ ਹੈ, ਜਿਹੜੀ ਲੋਕਾਂ ਲਈ ਪ੍ਰਤਿਬਿੰਬ ਕੀਤੀ ਜਾਂਦੀ ਹੈ– ਵਧੀਆ ਦਿਲ ਪਰਚਾਵਾ, ਨਿਰੋਏ ਹਾਸ-ਰਸ ਸਮੇਤ ਪਰ ਲੱਚਰ- ਪੁਣੇ ਤੋਂ ਰਹਿਤ, ਸੋਚ ਪੂਰਤ ਪਰ ਜ਼ਾਹਰਾ ਪ੍ਰਾਪੇਗੰਡਾ ਕਾਰਨ ਨਹੀਂ, ਅਸਲ ਦੇ ਪ੍ਰਭਾਵ ਵਾਲੀ, ਪਰ ਜ਼ਰੂਰੀ ਤੌਰ ਤੇ ਆਮ ਜ਼ਿੰਦਗੀ ਵਰਗੀ ਨਹੀਂ। ਇਹ ਇਕ ਕਲਾ ਹੈ – ਕਈ ਹੁਨਰਾਂ ਦਾ ਸਮੂਹ, ਤਿੰਨਾਂ ਰੁੱਖਾਂ ਵਿੱਚ।"

(ਮਿਸਿਜ਼ ਨੋਰਾ ਰਿਚਰਡਜ਼)

# ਮੁਖ-ਸ਼ਬਦ

'ਤੇਰਾ ਘਰ ਸੋ ਮੇਰਾ ਘਰ' ਨੂੰ ਪੰਜਾਬ ਦੀ ਨਵੀਂ ਰਾਜਧਾਨੀ ਚੰਡੀਗੜ੍ਹ ਵਿਚ ਸਭ ਤੋਂ ਪਹਿਲਾ ਨਾਟਕ ਖੇਡੇ ਜਾਣ ਦਾ ਸੁਭਾਗ ਪ੍ਰਾਪਤ ਹੈ। ਇਹ ਨਾਟਕ ੧੪ ਤੇ ੧੫ ਮਾਰਚ ੧੯੫੫ ਨੂੰ ਗੌਰਮੈਂਟ ਕਾਲਜ ਚੰਡੀਗੜ੍ਹ ਦੇ ਹਾਲ ਵਿਚ ਬੜੀ ਸਫਲਤਾ ਨਾਲ ਖੇਡਿਆ ਗਿਆ ਸੀ। ਦਰਸ਼ਕਾਂ ਵਿਚ ਪੰਜਾਬ ਦੀ ਵਜ਼ੀਰ ਮੰਡਲੀ ਦੇ ਲਗ ਪਗ ਸਾਰੇ ਮੰਤਰੀ—ਸ: ਪ੍ਰਤਾਪ ਸਿੰਘ ਕੈਰੋਂ, ਲਾਲਾ ਜਗਤ ਨਰੈਣ, ਸ: ਗੁਰਬਚਨ ਸਿੰਘ ਬਾਜਵਾ, ਚੌਧਰੀ ਲਹਿਰੀ ਸਿੰਘ ਆਦਿ (ਛੁਟ ਮੁਖ ਮੰਤਰੀ) ਸ਼ਾਮਲ ਸਨ। ਖੇਡ ਦੇ ਅੰਤ ਵਿਚ ਸ: ਪ੍ਰਤਾਪ ਸਿੰਘ ਕੈਰੋਂ ਨੇ ਨਾਟਕੀ ਟੋਲੇ ਨੂੰ ਉਚੇਚੀ ਹੱਲਾ ਸ਼ੇਰੀ ਦਿੱਤੀ ਅਤੇ ਲਾਲਾ ਜਗਤ ਨਰੈਣ ਨੇ ਵਿਦਿਅਕ

ਮੰਤਰੀ ਦੀ ਹੈਸੀਅਤ ਵਿਚ ਪੰਜਾਬ ਭਰ ਦੇ ਸਰਕਾਰੀ ਸਕੂਲਾਂ ਕਾਲਜਾਂ ਵਿਚ ਇਸ ਦੇ ਖੇਡਣ ਲਈ ਪ੍ਰੇਰਨਾ ਕੀਤੀ। ਕੁਝ ਦਿਨ ਪਿਛੋਂ ਇਹ ਨਾਟਕ ਦੋ ਦਿਨ ਨਵੀਂ ਦਿਲੀ ਦੇ ਪ੍ਰਸਿਧ ਰੰਗ ਮੰਚ ਵੇਵਲ ਥੀਏਟਰ ਤੇ ਖੇਡਿਆ ਗਿਆ। ਨਾਟਕ ਦੀ ਸਮਾਪਤੀ ਸਮੇਂ ਭਾਰਤ ਦੇ ਰਖਿਆ ਮੰਤਰੀ ਡਾਕਟਰ ਕਟਜੂ ਨੇ ਖੇਲ ਦੀ ਸਫ਼ਲਤਾ ਤੋਂ ਪ੍ਰਭਾਵਤ ਹੋ ਕੇ ਆਖਿਆ ਕਿ ਅਜ ਸਾਨੂੰ ਇਹੋ ਜਹੇ ਉਚੇ ਮਨੋਰਥ ਵਾਲੇ ਸੈਂਕੜੇ ਹਜ਼ਾਰਾਂ ਨਾਟਕਾਂ ਦੀ ਲੋੜ ਹੈ। ਇਹ ਨਾਟਕ ਦੇਸ ਅਤੇ ਖਾਸ ਕਰ ਕੇ ਪੰਜਾਬ ਦੇ ਗੰਦਲੇ ਵਾਯੂ-ਮੰਡਲ ਨੂੰ ਸਾਫ਼ ਕਰਨ ਲਈ ਕੋਨੇ ਕੋਨੇ ਵਿਚ ਖੇਡਿਆ ਜਾਣਾ ਚਾਹੀਦਾ ਹੈ।

ਇਨ੍ਹਾਂ ਰਾਜਸੀ ਨੇਤਾਵਾਂ ਦੀਆਂ ਸ਼ੁਭ ਇਛਾਵਾਂ ਤਾਂ ਬਹੁਤ ਹੌਂਸਲਾ ਬੰਨ੍ਹਾਉਣ ਵਾਲੀਆਂ ਸਨ, ਪਰ ਇਕ ਸ਼ੌਕੀਆ ਨਾਟ ਟੋਲੇ ਨੂੰ ਖੇਲ ਪੇਸ਼ ਕਰਨ ਵਿਚ ਜੋ ਅਮਲੀ ਔਕੜਾਂ ਤੇ ਰੋਕਾਂ ਪੈਦਾ ਹੁੰਦੀਆਂ ਹਨ ਉਹ ਵਧੇਰੇ ਦਿਲ ਢਾਊ ਹਨ।

ਸਭ ਤੋਂ ਵੱਡੀ ਔਕੜ ਤਾਂ ਪੈਸੇ ਦੀ ਹੈ। ਪੰਜਾਬੀ ਲੋਕਾਂ ਦੇ ਸੁਭਾ ਵਿਚ ਨਾਟਕ ਲਈ ਕੁਦਰਤੀ ਪਿਆਰ ਅਤੇ ਅਥਾਹ ਸ਼ੌਕ ਹੈ। ਮੁਫਤ ਨਾਟਕ ਖੇਡੋ, ਫੇਰ ਭਾਵੇਂ ਦਸ ਹਜ਼ਾਰ ਦਰਸ਼ਕ ਇਕੱਠੇ ਕਰ ਲਵੋ, ਪਰ ਸਿਨਮਾ ਵੇਖਣ ਵਾਂਗੂੰ ਨਾਟਕ ਲਈ



ਟਿਕਟ ਖਰੀਦਣ ਦੀ ਆਦਤ ਅਜੇ ਪੰਜਾਬੀਆਂ ਦੀ ਨਹੀਂ ਬਣੀ। ਸਭ ਸ਼ੌਕੀਆ ਨਾਟ ਟੋਲਿਆਂ ਦਾ ਰੋਜ਼ ਦਾ ਤਜਰਬਾ ਹੈ ਕਿ ਬੜੀ ਹੀ ਕੋਸ਼ਸ਼ ਨਾਲ ਖੇਡ ਦਾ ਖਰਚ ਪੂਰਾ ਕੀਤਾ ਜਾਂਦਾ ਹੈ। ਭਾਰਤ ਵਿਚ ਨਾਟਕ ਸਟੇਜ ਕਰਨ ਦੇ ਤਜਰਬੇ ਪਿਛੋਂ ਸ਼ੈਕਸਪੀਅਰੇਨਾ ਪ੍ਰਸਿਧ ਕੌਮਾਂਤਰੀ ਨਾਟ ਮੰਡਲੀ ਦੇ ਸੰਚਾਲਕ ਸ੍ਰੀ ਮਿਸਟਰ ਜਾਫ਼ਰੀ ਕੰਦਲ ਨੇ ਕਿਹਾ ਸੀ ਕਿ "ਭਾਰਤ ਵਿਚ ਸ਼ੌਕੀਆ ਨਾਟ ਮੰਡਲੀਆਂ ਬਹੁਤ ਕੁਝ ਪ੍ਰਾਪਤ ਨਹੀਂ ਕਰ ਸਕਦੀਆਂ। ਨਾਟ ਕਲਾ ਪਾਤਰਾਂ ਤੇ ਪ੍ਰਬੰਧਕਾਂ ਦਾ ਸਾਰੇ ਦਾ ਸਾਰਾ ਸਮਾਂ ਮੰਗਦੀ ਹੈ ਤਾਂ ਹੀ ਚੰਗੇ ਸਿੱਟੇ ਪੈਦਾ ਕੀਤੇ ਜਾ ਸਕਦੇ ਹਨ।"

ਸ਼ੌਕੀਆ ਨਾਟਕ ਖੇਡਣ ਵਾਲਿਆਂ ਦੇ ਰਾਹ ਵਿਚ ਐਂਟਰਟੇਨਮੈਂਟ ਟੈਕਸ ਇਕ ਭਾਰੀ ਰੋਕ ਹੈ। ਸਰਕਾਰ ਨੂੰ ਛੇਤੀ ਤੋਂ ਛੇਤੀ ਸ਼ੌਂਕੀਆ ਨਾਟਕਾਂ ਦੇ ਖੇਡਣ ਉਤੋਂ ਇਹ ਟੈਕਸ ਹਟਾ ਦੇਣਾ ਚਾਹੀਦਾ ਹੈ।

ਦੂਜੀ ਵੱਡੀ ਔਕੜ ਨਾਟਕ ਦੇ ਖੇਡਣ ਲਈ ਸਹੂਲਤਾਂ ਦੀ ਘਾਟ ਹੈ। ਕੁਝ ਸਾਲ ਪਹਿਲਾਂ ਤਾਂ ਨਾਟ ਘਰਾਂ ਦਾ ਅਭਾਵ ਹੀ ਸੀ। ਅਜੇ ਵੀ ਪੰਜਾਬ ਦੇ ਸ਼ਹਿਰਾਂ ਵਿਚ ਸਵਾਏ ਸਕੂਲ, ਕਾਲਜ ਦੇ ਹਾਲਾਂ ਤੋਂ ਬਹੁਤ ਘਟ ਨਾਟ ਘਰ ਹਨ। ਸਿਨਮੇ ਹਾਲਾਂ ਵਾਂਗ ਉਚੇਚੇ ਨਾਟ ਘਰਾਂ ਦੀ ਸਖਤ ਲੋੜ ਹੈ। ਪਿਛਲੇ

ਦੋ ਸਾਲਾਂ ਵਿਚ ਪੰਜਾਬ ਅੰਦਰ ਕੁਝ ਖੁਲ੍ਹੇ ਮੰਡਪ (Open air theatre) ਉਸਾਰੇ ਗਏ ਹਨ, ਪਰ ਉਨ੍ਹਾਂ ਦੀ ਗਿਣਤੀ ਅਜੇ ਬਹੁਤ ਥੋਹੜੀ ਹੈ। ਇਨ੍ਹਾਂ ਦੋ ਮੁਖ ਔਕੜਾਂ ਤੋਂ ਬਿਨਾਂ ਹੋਰ ਬਹੁਤ ਸਾਰੀਆਂ ਮੁਸ਼ਕਲਾਂ ਹਨ।

ਖੁਸ਼ੀ ਦੀ ਗਲ ਹੈ ਕਿ ਇੰਨੀਆਂ ਔਕੜਾਂ ਦੇ ਹੁੰਦੇ ਹੋਇਆਂ, ਨਾਟਕ ਅਤੇ ਰੰਗ ਮੰਚ ਵਿਕਾਸ ਵਲ ਜਾ ਰਹੇ ਹਨ। ਨਾਟਕ ਖੇਡਣ ਦਾ ਰਵਾਜ ਦਿਨੋ ਦਿਨ ਵਧ ਰਿਹਾ ਹੈ। ਲਗ ਪਗ ਹਰ ਸਕੂਲ ਕਾਲਜ ਵਿਚ ਸਾਲ ਅੰਦਰ ਇਕ ਅਧ ਨਾਟਕ ਖੇਡਣ ਦੀ ਰੀਤ ਪੈ ਰਹੀ ਹੈ। ਸ਼ਹਿਰਾਂ ਵਿਚ ਮਿਉਨਸਪੈਲਟੀਆਂ ਵਲੋਂ ਖੁਲ੍ਹੇ ਮੰਡਪ ਬਣ ਰਹੇ ਹਨ। ਭਾਰਤੀ ਲੋਕ ਨਾਟ ਸੰਸਥਾ ਦੇ ਪ੍ਰਭਾਵ ਥਲੇ ਨਰੋਏ ਵਿਸ਼ੇ ਵਸਤੂ ਵਾਲੇ ਨਾਟਕ ਲਿਖੇ ਜਾ ਰਹੇ ਹਨ, ਨਾਟਕ ਨੂੰ ਸਟੇਜ ਤੇ ਪੇਸ਼ ਕਰਨ ਲਈ ਘਟ ਤੋਂ ਘਟ ਸਮਗਰੀ ਦਾ ਰਵਾਜ ਵਧ ਰਿਹਾ ਹੈ, ਸੈਟਿੰਗ ਸਾਦਾ ਤੇ ਸਾਧਾਰਨ ਹੋ ਰਹੀ ਹੈ। ਭਾਰਤ ਵਰਗੇ ਦੇਸ ਲਈ ਜਿਥੇ ਪਿੰਡਾਂ ਦੀ ਵਧੇਰੇ ਗਿਣਤੀ ਹੈ, ਰੰਗ ਮੰਚ ਦੀ ਸਾਦਗੀ ਤੇ ਸਾਧਾਰਨਤਾ ਦੀ ਅਤੀ ਲੋੜ ਹੈ।

ਭਾਰਤ ਦੀ ਨਵੀਂ ਕੌਮੀ ਉਸਾਰੀ ਤੇ ਪੁਨਰ ਜਾਗ੍ਰਤੀ ਲਈ ਨਾਟਕ ਕਲਾ ਇਕ ਵਿਸ਼ੇਸ਼ ਹਿੱਸਾ ਪਾ ਸਕਦੀ ਹੈ। ਪੰਜ



ਸਾਲਾ ਯੋਜਨਾਂ ਦੀ ਸਫਲਤਾ ਅਤੇ ਆਸ਼ਿਆਂ ਦੇ ਪਰਚਾਰ ਲਈ ਇਹ ਕਲਾ ਸਭ ਤੋਂ ਵਧੀਆ ਸਾਧਨ ਸਿਧ ਹੋ ਸਕਦੀ ਹੈ। ਪੰਜਾਬ ਦੇ ਵਾਯੂ ਮੰਡਲ ਨੂੰ ਨਿਤਾਰਨ ਵਿਚ ਇਹ ਹੋਰ ਵੀ ਕਾਮਯਾਬ ਸਾਬਤ ਹੋ ਸਕਦੀ ਹੈ। ਲੰਡਨ ਦੇ ਇਕ ਅਖ਼ਬਾਰ ਵਿਚ ਲਿਖਿਆ ਗਿਆ ਸੀ ਕਿ ਬੋਲਸ਼ੋਈ ਥੀਏਟਰ (ਰੂਸ ਦਾ ਨਾਟ ਟੋਲਾ) ਦੇ ਖੇਲਾਂ ਨੇ ਇੰਗਲਿਸਤਾਨ ਵਿਚ ਰੂਸ ਦੇ ਨੇਤਾਵਾਂ ਦੇ ਦੌਰੇ ਨਾਲੋਂ ਰੂਸ ਅਤੇ ਉਥੇ ਦੇ ਲੋਕਾਂ ਲਈ ਕਿਤੇ ਵਧ ਸਤਿਕਾਰ ਤੇ ਪਿਆਰ ਪੈਦਾ ਕੀਤਾ ਸੀ।

ਸਕੂਲ ਕਾਲਜਾਂ ਵਿਚ ਵਿਦਿਆਰਥੀਆਂ ਦੇ ਵਿਗੜ ਰਹੇ ਵਰਤਾਓ ਦੀ ਸ਼ਕਾਇਤ ਦਾ ਚਰਚਾ ਆਮ ਹੈ। ਮੇਰਾ ਨਿਸਚਾ ਹੈ ਕਿ ਜੇ ਉਨ੍ਹਾਂ ਦੇ ਵਾਧੂ ਸਮੇਂ ਅਤੇ ਗ਼ਲਤ ਰੁਚੀਆਂ ਨੂੰ ਰੂਪਕ ਕਲਾ ਵਾਲੇ ਪਾਸੇ ਲਾਇਆ ਜਾਵੇ ਤਾਂ ਬਹੁਤ ਕੁਝ ਸੁਧਾਈ ਹੋ ਸਕਦੀ ਹੈ। ਉਨ੍ਹਾਂ ਲਈ ਭਾਵਾਂ ਨੂੰ ਪ੍ਰਗਟ ਕਰਨ ਦੇ ਕਲਾ ਸਾਧਨ ਤੇ ਮੌਕੇ ਪੈਦਾ ਕਰਨ ਦੀ ਲੋੜ ਹੈ।

ਪੇਂਡੂ ਲੋਕਾਂ ਲਈ ਨਾਟਕਾਂ ਦੀ ਹੋਰ ਵੀ ਜ਼ਰੂਰਤ ਹੈ। ਅਮਲੀ ਬੰਦੇ ਹੋਣ ਕਾਰਨ ਉਹ ਠੋਸ ਚੀਜ਼ਾਂ ਅਤੇ ਕਾਰਜ (Action) ਤੋਂ ਛੇਤੀ ਪ੍ਰਾਪਤ ਹੁੰਦੇ ਹਨ। ਨਿਰੀਆਂ ਗੱਲਾਂ ਨਾਲ ਉਨ੍ਹਾਂ ਦੇ ਮਨ ਨਹੀਂ ਪਰਚਦੇ। ਨਾਟਕ ਉਨ੍ਹਾਂ ਲਈ ਰੰਗ ਮੰਚ ਉਤੇ ਧੜਕਦੀ ਜ਼ਿੰਦਗੀ ਸਾਕਾਰ ਕਰਦਾ ਹੈ। ਰੂਪਕ ਕਲਾ ਦਾ ਮਾਧਿਅਮ

ਉਨ੍ਹਾਂ ਦੇ ਵਿਚਾਰਾਂ ਨੂੰ ਨਵੇਂ ਸੱਚਿਆਂ ਵਿਚ ਢਾਲ ਸਕਦਾ ਹੈ। ਸੈਂਕੜੇ ਲੈਕਚਰ ਉੱਨਾ ਅਸਰ ਨਹੀਂ ਪਾਉਂਦੇ, ਜਿੰਨਾ ਇਕ ਨਾਟਕ ਪਾ ਸਕਦਾ ਹੈ। ਪੰਜਾਬ ਸਰਕਾਰ ਦੇ ਕੁਝ ਨਾਟ ਟੋਲੇ ਪਿੰਡਾਂ ਵਿਚ ਕੰਮ ਕਰ ਰਹੇ ਹਨ। ਉਨ੍ਹਾਂ ਦਾ ਲੋਕਾਂ ਵਲੋਂ ਚੰਗਾ ਸਵਾਗਤ ਹੁੰਦਾ ਹੈ, ਪਰ ਉਨ੍ਹਾਂ ਦੀ ਗਿਣਤੀ ਬਹੁਤ ਘਟ ਹੈ। ਦੂਜੇ ਉਨ੍ਹਾਂ ਦੇ ਨਾਟਕਾਂ ਵਿਚ ਕਲਾ ਘਟ ਤੇ ਪਰਚਾਰ ਜ਼ਾਹਰਾ ਹੁੰਦਾ ਹੈ। ਇਹੋ ਜਹੇ ਸੈਂਕੜੇ ਨਾਟ ਟੋਲਿਆਂ ਦੀ ਲੋੜ ਹੈ। ਪੰਜਾਬ ਸਰਕਾਰ ਨੂੰ ਨਵੇਂ ਪੰਜਾਬ ਦੀ ਉਸਾਰੀ ਲਈ, ਇਸ ਪਾਸੇ ਉਚੇਚਾ ਧਿਆਨ ਦੇਣਾ ਚਾਹੀਦਾ ਹੈ।

ਨਾਟਕ ਖੇਡਣ ਲਈ ਜਿੰਨੀਆਂ ਸਹੂਲਤਾਂ ਪੈਦਾ ਕੀਤੀਆਂ ਜਾਣਗੀਆਂ, ਉਨੇ ਹੀ ਨਾਟਕ ਖੇਡੇ ਜਾਣਗੇ। ਜਿੰਨਾ ਨਾਟਕ ਖੇਡਣ ਦਾ ਰਵਾਜ ਤੇ ਸ਼ੌਕ ਪੈਦਾ ਹੋਵੇਗਾ, ਉਨੇ ਹੀ ਚੰਗੇ ਨਾਟਕਾਂ ਦੀ ਉਪਜ ਹੋਵੇਗੀ। ਨਾਟਕ ਕਲਾ ਦਾ ਵਿਕਾਸ ਕੌਮੀ ਉਸਾਰੀ ਨਾਲ ਪੂਰੀ ਤਰ੍ਹਾਂ ਸਬੰਧਤ ਹੈ। ੧੯੫੪ ਦੇ ਪਹਿਲੇ ਭਾਰਤੀ ਨਾਟਕ ਉਤਸਵ ਵਿਚ ਹਿੱਸਾ ਲੈਣ ਲਈ ੧੦੦੦ ਬੇਨਤੀ ਪੱਤਰ ਪੁਜੇ ਸਨ, ਜਿਨ੍ਹਾਂ ਵਿਚੋਂ ਕੇਵਲ ੨੧ ਟੋਲਿਆਂ ਨੂੰ ਅਪਣੀ ਕਲਾ ਪੇਸ਼ ਕਰਨ ਦਾ ਅਵਸਰ ਮਿਲਿਆ ਸੀ। ਇਸ ਤੋਂ ਸਾਫ ਪ੍ਰਗਟ ਹੈ ਕਿ ਭਾਰਤ ਵਿਚ ਨਾਟਕ ਕਲਾ ਸੁਰਜੀਤ ਹੋ ਰਹੀ ਹੈ। ਜਨਤਾ ਵਿਚ ਨਾਟਕ ਦੇਖਣ ਦੀ ਭੁਖ ਪ੍ਰਬਲ ਹੈ—ਲੋੜ ਹੈ ਨਾਟਕ ਖੇਡਣ ਲਈ ਵਧੇਰੇ ਮੌਕੇ ਪੈਦਾ ਕਰਨ ਦੀ।

ਹਰਚਰਨ ਸਿੰਘ



# ਤੇਰਾ ਘਰ ਸੋ ਮੇਰਾ ਘਰ

## ਪਹਿਲਾ ਨਾਟ

ਸਮਾਂ—ਸੰਨ ੧੯੪੭

ਅਸਥਾਨ—ਅੰਮ੍ਰਿਤਸਰ ਦੇ ਜ਼ਿਲੇ ਦਾ ਇਕ ਪਿੰਡ।

ਵਕਤ—ਇਕ ਵਜੇ ਦੁਪਹਿਰ।

ਝਾਕੀ—ਕਿਸਾਨ ਘਰ ਦੇ ਇਕ ਵਿਹੜੇ ਦੀ – ਸੱਜੇ ਤੇ ਖੱਬੇ ਬੰਨੇ ਦੋ ਲੰਮੇ ਲੰਮੇ ਕਮਰੇ (ਦਾਲਾਨ) ਹਨ, ਸਾਹਮਣਾ ਕੋਠਾ ਦੋਹਾਂ ਨਾਲੋਂ ਜ਼ਰਾ ਉੱਚਾ ਹੈ। ਇਸ ਨੂੰ ਡਾਟਾਂ ਵਾਲੇ ਉੱਚੇ ਦੋ ਬੂਹੇ ਅਤੇ ਦੋ ਬਾਰੀਆਂ ਹਨ। ਸਾਹਮਣੇ ਕੋਠੇ ਨੂੰ ਵਿਹੜੇ ਵਿਚੋਂ ਹੀ ਪੌੜੀ ਚੜ੍ਹਦੀ ਹੈ। ਖੁਲ੍ਹੇ ਡੁਲ੍ਹੇ ਵਿਹੜੇ ਵਿੱਚ ਕਈ ਜ਼ਿਮੀਂਦਾਰੇ ਸੰਦ ਅਤੇ ਕੁਝ ਘਰ ਦੀਆਂ ਨਿੱਕੀਆਂ ਮੋਟੀਆਂ ਚੀਜ਼ਾਂ ਖਿੰਡਰੀਆਂ ਪਈਆਂ ਹਨ। ਵਿਹੜੇ ਦੇ ਵਿਚਕਾਰ ਨਿੰਮ ਦਾ ਬ੍ਰਿਛ ਹੈ, ਜਿਸ ਦੇ ਦੁਆਲੇ ਪੱਕੀਆਂ ਇੱਟਾਂ ਦਾ ਚੌਂਤਰਾ ਬੱਝਾ ਹੋਇਆ ਹੈ। ਘਰ ਦੇ ਅਗੋਂ ਦੀ ਪਿੰਡੋਂ ਬਾਹਰ ਖੇਤਾਂ ਵਲ ਨੂੰ ਰਸਤਾ ਜਾਂਦਾ ਹੈ, ਇਸ ਰਾਹ ਥਾਣੀਂ ਆਉਂਦੇ ਜਾਂਦੇ ਪਿੰਡ ਦੇ ਇਸਤ੍ਰੀ ਮਰਦ ਦਿਸਣੇ ਚਾਹੀਦੇ ਹਨ, ਜਿਵੇਂ ਕੋਈ ਸੁਆਣੀ ਗਾਂ ਮੱਝ ਦਾ ਦੁਧ ਚੋ ਕੇ ਲਈ ਆਉਂਦੀ ਦਿਸੇ ਜਾਂ ਕੋਈ ਦੋਧੀ ਸਾਈਕਲ ਨਾਲ ਦੁਧ ਦੇ ਢੋਲ ਲਮਕਾਈ ਪਿੰਡੋਂ ਬਾਹਰ ਨੂੰ

ਜਾਂਦਾ ਦਿਖਾਈ ਦੇਵੇ ਜਾਂ ਫੇਰ ਕੋਈ ਇਸਤ੍ਰੀ ਮਰਦ ਘਾਹ ਦੀ ਪੰਡ ਚੁੱਕੀ ਆਉਂਦਾ ਦਿਸੇ।

ਪਰਦਾ ਉੱਠਣ ਸਮੇਂ ਚੌਂਤਰੇ ਉਤੇ ਅਤੇ ਕੁਝ ਹੇਠ ਕਰ ਕੇ ਕਈ ਪਿੰਡ ਦੇ ਬੰਦੇ ਬੈਠੇ ਹਨ, ਜਿਨ੍ਹਾਂ ਵਿਚ ਹਿੰਦੂ, ਸਿਖ ਤੇ ਮੁਸਲਮਾਨ ਹੇਲ ਮੇਲ ਦਿਸਦੇ ਹਨ। ਇਨ੍ਹਾਂ ਵਿਚੋਂ ਕੋਈ ਸਣ ਕਢ ਰਿਹਾ ਹੈ, ਕੋਈ ਛੇਰੇ ਨਾਲ ਵਾਣ ਵਟ ਰਿਹਾ ਹੈ ਬਾਬਾ ਗੁਰਦਿਤਾ ਮਲ ਹਥ ਨਾਲ ਹੀ ਮੁੰਝ ਦਾ ਵਾਣ ਵਟ ਰਿਹਾ ਹੈ। ਪਿੰਡ ਦਾ ਸ਼ਾਹੂਕਾਰ ਭੋਲੇ ਸ਼ਾਹ ਕੱਛ ਵਿਚ ਵਹੀ ਲਈ ਮਸਤੀ ਵਿਚ ਬੈਠਾ ਹੈ। ਦੋ ਤਿੰਨ ਮੁੰਡੇ ਲਾਗੇ ਕੋਡਾਂ ਖੇਡ ਰਹੇ ਹਨ। ਪਿੰਡ ਦਾ ਕਵੀ ਈਸਰ ਇਕ ਤਾਰੇ ਨਾਲ ਆਪਣੇ ਕੁਝ ਗੀਤ ਗਾਉਂਦਾ ਹੈ। ਅਖੀਰ ਵਿਚ ਸ਼ਾਹ ਮੁਹੰਮਦ ਦੇ ਕਿੱਸੇ ਵਿਚੋਂ ਕੁਝ ਟੋਟਕੇ ਸੁਣਾਉਂਦਾ ਹੈ :–

ਘਰੋਂ ਗਏ ਫਰੰਗੀ ਦੇ ਮਾਰਨੇ ਨੂੰ,
　　ਬੇੜੇ ਤੋਪਾਂ ਦੇ ਸੱਭੇ ਗਵਾ ਆਏ।
ਫੇਰ ਆਫਤਾਂ ਨੂੰ ਮਗਰ ਲਾਇਆ ਨੇ,
　　ਸਗੋਂ ਅਪਣਾ ਆਪ ਗਵਾ ਆਏ।
ਖੁਸ਼ੀ ਵਸਦਾ ਸ਼ਹਿਰ ਲਾਹੌਰ ਸਾਰਾ,
　　ਸਗੋਂ ਕੁੰਜੀਆਂ ਹਥ ਫੜਾ ਆਏ।
ਵਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ,
　　ਉਨ੍ਹਾਂ ਨਾਲ ਨਾ ਕਿਸੇ ਦਾ ਵਾਸਤਾ ਈ।
ਉਹਦੇ ਨਾਲ ਨਾ ਬੈਠ ਕੇ ਗਲ ਕਰਨੀ,
　　[illegible] ਈ।



ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾਂ ਕਰਦੇ,
　　ਸ਼ਾਹੂਕਾਰਾਂ ਦਾ ਪੁਤ ਗੁਮਾਸਤਾ ਈ।

ਚੌਧਰੀ—ਵਾਹ ਪਈ ਵਾਹ ! ਜੀਂਦਾ ਰਹੁ ਓਏ ਈਸਰਾ।

ਨੂਰਾ— ਨਹੀਂ ਰੀਸਾਂ ਓ ਕਵੀਸ਼ਰਾ ਤੇਰੀਆਂ।

ਬਾਬਾ—ਈਸਰਾ, ਤੂੰ ਤੇ ਬੜਾ ਗੁਣੀ ਗਿਆਨੀ ਬਣ ਗਿਆ ਏਂ।

ਇਕ ਮੁੰਡਾ—ਲਗਨ ਏ ਜਿੱਧਰ ਲਗ ਜਾਏ ਬੰਦੇ ਦੀ।

ਦੂਜਾ ਮੁੰਡਾ—ਤੇ ਤੇਰੀ ਲਗਨ ਕਿਧਰ ਲੱਗੀ ਹੋਈ ਏ ?

ਪਹਿਲਾ ਮੁੰਡਾ—ਬਾਬਾ ਕੋਲ ਬੈਠਾ ਏ ਨਹੀਂ ਤਾਂ ਤੈਨੂੰ ਦਸ ਦੇਵਾਂ ਕਿਧਰ ਲੱਗੀ ਹੋਈ ਏ।

ਸਾਰੇ ਬੰਦੇ ਹਸ ਪੈਂਦੇ ਹਨ।

ਈਸਰ—ਮੀਆਂ ਨੂਰ ਮੁਹੰਮਦ, ਕੁਝ ਪਿਆ ਪਿੜ ਪੱਲੇ ?

ਨੂਰਾ— ਪੁਛ ਨਾ ਈਸਰਾ, ਝੂਟਾ ਆ ਗਿਆ ਇਕ ਵਾਰ ਤਾਂ। ਕੇਹੇ ਸੋਹਣੇ ਬੈਂਤ ਜੋੜੇ ਨੇ ਸ਼ਾਹ ਮੁਹੰਮਦ ਨੇ।

ਈਸਰ—ਪਰ ਧਿਆਨ ਤਾਂ ਤੇਰਾ ਵਾਣ ਵਟਣ ਵਲ ਸੀ।

ਨੂਰਾ— ਹਥ ਕਾਰ ਵਲ ਸਨ ਪਰ ਦਿਲ ਤੇਰੀ ਤਾਰ ਵਲ ਈ ਸੀ।

ਭੋਲੇ ਸ਼ਾਹ—ਈਸਰਾ, ਤੇਰੇ ਇਕੋ ਤਾਰੇ ਨੇ ਕਈਆਂ ਦੇ ਦਿਲਾਂ ਦੀਆਂ ਤਾਰਾਂ ਹਿਲਾ ਦਿੱਤੀਆਂ ਨੇ।

ਚੌਧਰੀ—ਭੋਲੇ ਸ਼ਾਹ, ਤੇਰੇ ਦਿਲ ਦੀ ਤਾਰ ਵੀ ਹਿੱਲੀ ਏ ਕਿ ਨਹੀਂ ?

ਸ਼ਾਹ— ਕਿਉਂ ਚੌਧਰੀ ਤੂੰ ਮੈਨੂੰ ਇਨਸਾਨ ਨਹੀਂ ਸਮਝਦਾ, ਜਿਥੇ ਦਿਲ ਐ ਉਥੇ ਦਰਦ ਜ਼ਰੂਰ ਐ।

ਬਾਬਾ— ਦਰਦ ਤੋਂ ਬਿਨਾਂ ਮਨੁਖ ਹੀ ਕਾਹਦਾ।

ਪਹਿਲਾ ਮੁੰਡਾ—ਬੈਠਾ ਤਾਂ ਬੜਾ ਖਤਰਨਾਕ ਏ, ਮਸਕੀਨ ਬਿੱਲੀ ਵਾਂਗ ਘਾਤ ਲਾ ਕੇ।

ਦੂਜਾ ਮੁੰਡਾ—ਭਈ ਭੋਲੇ ਸ਼ਾਹ ਨੂੰ ਰਸ ਗਾਣ ਵਿਚੋਂ ਨਹੀਂ, ਸਗੋਂ ਮਾਇਆ ਦੇ ਨਸ਼ੇ ਵਿਚੋਂ ਔਂਦਾ ਏ।

ਸ਼ਾਹ— ਮੁੰਡਿਓ, ਕਿਉਂ ਮਸ਼ਕਰੀਆਂ ਕਰਦੇ ਓ, ਬੁੱਢੇ ਹੀ ਨਹੀਂ ਜੰਮੇ ਅਸੀਂ। ਸਾਡੀ ਜੁਆਨੀ ਤੁਹਾਡੇ ਨਾਲੋਂ ਵੀ ਰੰਗੀਨ ਹੁੰਦੀ ਸੀ, ਕਿਉਂ ਗੁਰਦਿੱਤਾ ਮਲ।

ਬਾਬਾ— (ਮਸਤੀ ਨਾਲ ਸਿਰ ਹਿਲਾ ਕੇ) ਭੋਲੇ ਸ਼ਾਹ, ਉਹ ਦਿਨ ਯਾਦ ਕਰ ਕੇ ਅਜੇ ਵੀ ਹੁਲਾਰਾ ਆ ਜਾਂਦਾ ਏ। ਅਜ ਕਲ ਦੇ ਮੁੰਡਿਆਂ ਦੇ ਪਲੇ ਤੇ ਕੌਡਾਂ ਈ ਰਹਿ ਗਈਆਂ ਨੇ।

ਈਸਰ—ਬਾਬਾ ਜੀ, ਢਾਈ ਦਿਨ ਜੁਆਨੀ ਦੇ ਹਰੇਕ ਤੇ ਆਉਂਦੇ ਨੇ। ਰੂਪ ਤੇ ਜੁਆਨੀ ਕੋਈ ਦਿਨ ਦਾ ਮੌਜ ਮੇਲਾ ਹੁੰਦੈ।



ਚੌਧਰੀ—ਜੁਆਨੀ ਤਾਂ ਆਂਹਦੇ ਨੇ, ਚਾਰ ਦਿਨ ਭੇਡ ਤੇ ਵੀ ਆ ਜਾਂਦੀ ਏ।

ਪਹਿਲਾ ਮੁੰਡਾ—ਫੇਰ ਸ਼ਾਹ ਉਤੇ ਦੋ ਚਾਰ ਦਿਨ ਜ਼ਰੂਰ ਆਈ ਹੋਣੀ ਏਂ।

ਬਾਬਾ—ਮੁੰਡਿਓ, ਸ਼ਾਹ ਨੂੰ ਤੁਸੀਂ ਕੀ ਸਮਝਦੇ ਓ, ਇਹ ਬੜਾ ਸ਼ੌਂਕੀ ਸੀ ਜੁਆਨੀ 'ਚ। ਆਹ ਤੇ ਲਾਲੇ ਦੇ ਮਰਨ ਪਿਛੋਂ ਵਹੀ ਖਾਤੇ ਵਿਚ ਨਿੱਘਰ ਗਿਆ ਏ।

ਚੌਧਰੀ—ਸਿਰ ਪਈ ਤੇ ਹਰ ਕੋਈ ਬਦਲ ਜਾਂਦਾ ਏ, ਸ਼ਾਹ ਹੁਣ ਵੀ ਯਾਰਾਂ ਦਾ ਯਾਰ ਏ, ਕਿਉਂ, ਭੋਲੇ ਸ਼ਾਹ।

ਸ਼ਾਹ ਖੁਸ਼ੀ ਵਿਚ ਚੌਧਰੀ ਦੇ ਮੋਢੇ ਤੇ ਹੱਥ ਫੇਰਦਾ ਹੈ।

ਸ਼ਾਹ—ਸੱਚ ਏ, ਚੌਧਰੀ ਸਾਹਿਬ।

ਬਾਬਾ—(ਜੇਬ ਵਿਚੋਂ ਰੁਪਿਆ ਕੱਢ ਕੇ) ਲੈ ਭਈ ਈਸਰਾ ਸਾਡੀ ਤੁਛ ਭੇਟਾ।

ਈਸਰ—(ਰੁਪਏ ਨੂੰ ਮਥੇ ਨਾਲ ਲਾ ਕੇ) ਰੱਜੇ ਰਹੋ ਮਹਾਰਾਜ, ਇਹ ਮੈਨੂੰ ਸੌ ਰੁਪਏ ਵਰਗਾ ਏ।

ਨੂਰਾ—ਵਾਹ ਚੌਧਰੀ ਗੁਰਦਿੱਤਾ ਮਲ !

ਸ਼ਾਹ—ਚੌਧਰੀ ਗੁਰਦਿੱਤਾ ਮਲ ਪਹਿਲਾਂ ਤੋਂ ਈ ਦਿਲ ਵਾਲਾ ਬੰਦਾ ਏ, ਅਜ ਕੋਈ ਨਵੀਂ ਗਲ ਏ।

ਈਸਰ—ਗੁਣਵਾਨਾਂ ਨੂੰ ਹੀ ਗੁਣ ਦੀ ਕਦਰ ਹੁੰਦੀ ਏ।

ਚੌਧਰੀ—(ਤਿੜ ਕੇ ਦੋ ਰੁਪਏ ਦਿਖਾ ਕੇ) ਲੈ ਓਇ ਈਸਰਾ, ਤੂੰ ਕੀ ਸਮਝੇਂਗਾ ਸਾਨੂੰ ਤੇਰੇ ਗੁਣ ਦੀ ਕਦਰ ਕੋਈ ਨਹੀਂ।

ਈਸਰ—ਰੱਜੇ ਰਹੋ ਚੌਧਰੀ ਸਾਹਿਬ।

ਸ਼ਾਹ—ਵਾਹ ਵਾਹ, ਚੌਧਰੀ ਦਾ ਵੀ ਬਹੁਤ ਵੱਡਾ ਦਿਲ ਐ।

ਨੂਰਾ—ਜੇ ਇਹੋ ਜਹੇ ਮੌਕੇ ਚੌਧਰੀ ਪਿਛੇ ਰਹਿ ਜਾਏ, ਫੇਰ ਚੌਧਰ ਕਾਹਦੀ ਹੋਈ।

ਪਹਿਲਾ ਮੁੰਡਾ—ਭੋਲੇ ਸ਼ਾਹ, ਤੂੰ ਵੀ ਤਾਂ ਕੁਝ ਹਥੋਂ ਕਿਰ ਨਾ।

ਚੌਧਰੀ—(ਹਸ ਕੇ) ਮੁੰਡਿਓ, ਨਾ ਆਖੋ ਸ਼ਾਹ ਨੂੰ, ਇਕ ਰੁਪਿਆ ਦੇ ਕੇ ਇਹਨੇ ਅਠ ਦਿਨ ਰੋਟੀ ਨਹੀਂ ਖਾਣੀ!

ਦੂਜਾ ਮੁੰਡਾ—ਤੇ ਨਾਲੇ ਸ਼ਾਹਣੀ ਨੇ ਘਰ ਨਹੀਂ ਵੜਨ ਦੇਣਾ।

ਸ਼ਾਹ—ਲਓ, ਮੁੰਡਿਓ, ਤੁਸੀਂ ਕਦ ਕਦ ਕਹਿਣਾ ਏ (ਝੱਗੀ ਵਿਚੋਂ ਪੈਸੇ ਕੱਢ ਕੇ) ਲੈ ਓ ਈਸਰਾ।

ਪਹਿਲਾ ਮੁੰਡਾ—ਓਇ ਕੀ ਦਿੱਤਾ ਈ ਈਸਰਾ।

ਬਾਬਾ—ਮੁੰਡਿਓ, ਸ਼ਾਹ ਕਿਸੇ ਤੋਂ ਘਟ ਏ।

ਈਸ਼ਰ—(ਦਿਖਾ ਕੇ) ਇਕ ਦੁਆਨੀ ਦਿੱਤੀ ਏ।

ਚੌਧਰੀ—ਫਿਟੇ ਮੂੰਹ ਭੋਲੇ ਸ਼ਾਹ, ਇਹਦੇ ਨਾਲੋਂ ਨਾ ਦਿੰਦੋਂ ਤਾਂ



ਚੰਗਾ ਸੀ।

ਸਾਰੇ ਮੁੰਡੇ ਖਿੜਖਿੜਾਕੇ ਹਸਦੇ ਹਨ।

ਸ਼ਾਹ—ਚੌਧਰੀ, ਬੰਦਾ ਮਾਰਿਆ ਪੈਸਾ ਹਥ ਨਹੀਂ ਔਂਦਾ, ਦੁਆਨੀ ਥੋੜ੍ਹੀ ਹੁੰਦੀ ਏ। ਵੱਟੀ ਲੂਣ ਔਂਦੈ ਦੁਆਨੀ ਦਾ ਅਜ ਕਲ।

ਨੂਰਾ—ਸ਼ਾਹ ਪੈਸਾ ਲੈਣਾ ਸਿਖਿਆ ਏ ਦੇਣਾ ਨਹੀਂ ਜਾਣਦਾ।

ਸ਼ਾਹ—(ਗਲ ਟਾਲਣ ਲਈ) ਈਸਰਾ, ਜੇਕਰ ਤੂੰ ਚਮਾਰਾਂ ਦੇ ਘਰ ਨਾ ਜੰਮਦਾ ਹੋਰ ਵੀ ਕਦਰ ਹੁੰਦੀ ਤੇਰੀ।

ਪਹਿਲਾ ਮੁੰਡਾ—ਈਸਰ ਹੁਣ ਵੀ ਡੱਬੀ 'ਚ ਪਾ ਕੇ ਰਖਣ ਵਾਲਾ ਏ।

ਬਾਬਾ—ਗੁਣ ਵਡਾ ਕਿ ਮਝ, ਭੋਲੇ ਸ਼ਾਹ, ਛਡ ਜਾਤਾਂ ਪਾਤਾਂ ਨੂੰ, ਇਹ ਪੁਰਾਣੇ ਵਹਿਮ ਨੇ। ਜਨਮ ਕਰਕੇ ਨਹੀਂ ਵੱਡਾ ਹੁੰਦਾ ਕੋਈ, ਇਹ ਕਰਮ ਨੇ ਜੋ ਆਦਮੀ ਨੂੰ ਨੀਚੇ ਉਚ ਕਰਦੇ ਨੇ। ਕਬੀਰ, ਰਵਿਦਾਸ, ਨਾਮਦੇਵ, ਵੀ ਤਾਂ ਨੀਵੀਂ ਜਾਤ ਦੇ ਸਨ। ਨਾਲੇ ਅਜ ਕਲ ਜਾਤਾਂ ਪਾਤਾਂ ਨੂੰ ਕੌਣ ਪੁਛਦਾ ਏ।

ਦੂਜਾਮੁੰਡਾ—ਚੱਲੀਏ ਪਈ ਬਾਬਾ ਤੇ ਲਸ਼ਕਰ ਕਰਨ ਲਗ ਪਿਆ ਏ।

ਬਾਬਾ—ਲਚਕਰ ਨਹੀਂ ਸੁਖਾਂਦੇ, ਤੁਹਾਨੂੰ ਤਾਂ ਨਾਚ ਗਾਣੇ ਈ ਚੰਗੇ ਲਗਦੇ ਨੇ। ਜਾਓ ਰੋਟੀ ਟੁਕ ਦਾ ਵੇਲਾ ਹੋ ਗਿਆ ਏ।

ਪਰਛਾਵੇਂ ਢਲਣ ਲਗ ਪਏ ਨੇ ।

ਮੁੰਡੇ ਉਠ ਕੇ ਚਲੇ ਜਾਂਦੇ ਹਨ ।

ਸ਼ਾਹ—ਗਲਾਂ ਤਾਂ ਬਾਬੇ ਦੀਆਂ ਸਿਆਣੀਆਂ, ਪਰ ਧਰਮ ਸ਼ਾਸ਼ਤ੍ਰਾਂ ਦਾ ਕਹਿਣਾ ਵੀ ਤਾਂ ਮੰਨਣਾ ਹੋਇਆ ਨਾ ।

ਬਾਬਾ—ਸਮੇਂ ਸਮੇਂ ਦੀਆਂ ਗਲਾਂ ਹੁੰਦੀਆਂ ਨੇ ਭੋਲੇ ਸ਼ਾਹ, ਉਹ ਵੇਲੇ ਲਦ ਗਏ ਜਦੋਂ ਸ਼ੂਦਰ ਦੇ ਕੰਨ ਵਿਚ ਸਿਕਾ ਢਾਲ ਕੇ ਪਾਇਆ ਜਾਂਦਾ ਸੀ ।

ਚੌਧਰੀ—ਭੋਲੇ ਸ਼ਾਹ, ਬਾਬਾ ਸਚ ਕਹਿੰਦਾ ਏ, ਬੰਦੇ ਬੰਦੇ ਵਿਚ ਫਰਕ ਵੀ ਕੀ ਐ ।

ਈਸਰ—ਇਹ ਫਰਕ ਬੰਦੇ ਨੇ ਪਾਏ ਹੋਏ ਨੇ, ਰਬ ਦੀਆਂ ਨਜ਼ਰਾਂ ਵਿਚ ਸਭ ਇਨਸਾਨ ਇਕੋ ਜਹੇ ਨੇ ।

ਬਾਬਾ—ਜੀਂਦਾ ਰਹੋ, ਕੁਲ ਨੂੰ ਤਾਰ ਦਏਂਗਾ ਜੇ ਕਰ ਲਗਾ ਰਿਹਾ ਆਪਣੇ ਕਸਬ ਵਿਚ ।

ਚੌਧਰੀ—(ਉਠ ਕੇ ਜਾਂਦਾ ਹੋਇਆ) ਫਿਕਰ ਨਾ ਕਰੋ, ਹਟਦਾ ਨਹੀਂ ਹੁਣ ਇਹ । ਕਬਿੱਤ ਲਿਖਣੇ ਕੁਤੇ ਦੀ ਹੱਡੀ ਵਾਲਾ ਸੁਆਦ ਹੁੰਦਾ ਏ । ਸਾਡੇ ਸਮੇਂ ਵਿੱਚ ਇਕ ਹੁੰਦਾ ਸੀ ਕਵੀਸ਼ਰ ਰੋਟੀ ਨਹੀਂ ਸੀ ਜੁੜਦੀ, ਪਰ ਕਬਿਤ ਬਣਾਉਣ ਤੋਂ ਨਹੀਂ ਸੀ ਟਲਦਾ ।



ਨੂਰਾ—ਕਿਸੇ ਵੇਲੇ ਗਲ ਕਰਨ ਲਗਾ ਚੌਧਰੀ ਲਿਦ ਕਰ ਦਿੰਦਾ ਏ ।

ਬਾਬਾ—ਕਵਿਤਾ ਲਿਖਣੀ ਰੱਬੀ ਦਾਤ ਏ, ਨੂਰ ਮੁਹੰਮਦ । ਹਾਰੀ ਸਾਰੀ ਨੂੰ ਨਹੀਂ ਉਤਰਦੀ । ਪੀਰ ਪੈਗੰਬਰ ਬਾਣੀ ਰਚਦੇ ਆਏ ਨੇ ।

ਈਸਰ—ਬਾਬਾ ਜੀ, ਜਟ ਕੀ ਜਾਣੇ ਲੌਂਗਾਂ ਦਾ ਭਾ ! ਚੌਧਰੀ ਨੂੰ ਚੰਗੀਆਂ ਗੱਲਾਂ ਨਹੀਂ ਭੌਂਦੀਆਂ । ਇਹਦਾ ਮਨ ਸ਼ਰਾਰਤਾਂ ਵਲ ਹੀ ਜ਼ਿਆਦਾ ਲਗਦਾ ਏ ।

ਸ਼ਾਹ—ਪਿੰਡਾਂ ਵਿਚ ਹੈ ਈ ਇਹੋ ਕੁਝ । ਲੰਡਾ ਲੁੱਚਾ ਹੀ ਚੌਧਰੀ ਏ । ਭਲੇਮਾਣਸ ਦੀ ਕੋਈ ਕਦਰ ਨਹੀਂ ।

ਬਾਬਾ—ਹੌਲੀਂ ਬੋਲੀ ਭੋਲੇ ਸ਼ਾਹ, ਜੇ ਸੁਣ ਲਿਆ ਚੌਧਰੀ ਨੇ ਤਾਂ ਗਤ ਬਣਾ ਦੇਊ ਤੇਰੀ ।

ਸ਼ਾਹ—(ਡਰਦਾ ਹੋਇਆ) ਸਹਿਜ ਸੁਭਾ ਮੂੰਹੋਂ ਨਿਕਲ ਗਈ ਏ, ਚੌਧਰੀ ਤਾਂ ਮੇਰਾ ਬੇਲੀ ਏ ।

ਈਸਰ—ਬਾਬਾ, ਤੂੰ ਪਿੰਡ ਵਿਚ ਠੰਡ ਵਰਤਾਈ ਹੋਈ ਐ, ਨਹੀਂ ਤੇ ਚੌਧਰੀ ਤਾਂ ਸਾਨੂੰ ਘੜੀ ਪਲ ਨਾ ਟਿਕਣ ਨਾ ਦੇਵੇ । ਤੇਰਾ ਦਮ ਸਲਾਮਤ ਚਾਹੀਦਾ, ਫੇਰ ਸਾਨੂੰ ਕੋਈ ਤੌਖਲਾ ਨਹੀਂ ।

ਸ਼ਾਹ—ਓਇ ਤੂੰ ਤਾਂ ਚਮਾਰ ਈ ਨਿਕਲਿਓਂ । ਐਨਾ ਅਕ੍ਰਿਤਘਣ !

ਨਾਲੇ ਦੋ ਰੁਪਏ ਲੈ ਲਏ ਨਾਲੇ ਬਦਖੋਹੀਆਂ ਕਰਦਾਂ ਏਂ ਚੌਧਰੀ ਦੀਆਂ।

ਈਸਰ—ਦੋ ਰੁਪਏ! ਦੋ ਰੁਪਏ ਤਾਂ ਉਸ ਮੇਰੀ ਧੌੜੀ ਚੋਂ ਕਢਣੇ ਨੇ, ਤੂੰ ਕੀ ਸਮਝਦਾਂ ਚੌਧਰੀ ਨੂੰ। ਕਲ ਨੂੰ ਨਿਆਣਿਆਂ ਦੇ ਮੌਜੇ ਲੈਣ ਆ ਧਮਕੇਗਾ।

ਬਾਬਾ—ਤੂੰ ਜਾਹ ਈਸਰਾ, ਸ਼ਾਹ ਚੌਧਰੀ ਦਾ ਲੰਗੋਟੀਆ ਯਾਰ ਏ, ਤਾਹੀਓਂ ਚੁਬੀ ਏ ਇਹਨੂੰ ਗਲ।

ਈਸਰ—ਅੱਛਾ ਛਾਹ, ਤੇਰੀ ਦੁਆਨੀ ਨੂੰ ਡੱਬੀ 'ਚ ਪਾ ਕੇ ਰੱਖਾਂਗਾ।

ਈਸਰ ਹਸਦਾ ੨ ਇਕ ਤਾਰਾ ਚੁਕ ਕੇ ਜਾਂਦਾ ਹੈ।

ਨੂਰਾ—ਦੇਖ ਲਵੀਂ ਕਿਤੇ ਖੋਟੀ ਨਾ ਹੋਵੇ।

ਸ਼ਾਹ—ਦੇਖ ਬਾਬਾ, ਫੇਰ ਤੂੰ ਕਹਿਨਾ ਨੀਚਾਂ ਨੂੰ ਉਚ ਕਰੋ, ਜ਼ਰਾ ਕੁ ਵਡਿਆਇਆ ਤੇ ਪਗ ਲਾਹੁਣ ਆਇਆ।

ਬਾਬਾ—ਭੋਲੇ ਸ਼ਾਹ, ਦਿਲ ਨੂੰ ਤੰਗ ਨਹੀਂ ਰਖੀਦਾ। ਹਾਸੇ ਹਾਸੇ ਵਿੱਚ ਬਥੇਰੀਆਂ ਗੱਲਾਂ ਹੋ ਜਾਂਦੀਆਂ ਨੇ।

ਨੂਰਾ—ਸ਼ਾਹਾਂ ਦੇ ਦਿਲ ਹੁੰਦੇ ਈ ਬੜੇ ਤੰਗ ਨੇ, ਖੁਲ੍ਹਾ ਕਿੱਦਾਂ ਕਰੇ।

ਸ਼ਾਹ—ਨੂਰਿਆ, ਤੇਰੇ ਨਾਲ ਵੀ ਕਦੇ ਤੰਗੀ ਵਰਤੀ ਐ, ਲੋਕਾਂ ਨਾਲੋਂ ਚੁਆਨੀ ਸੂਦ ਘਟ ਲਾਇਆ ਏ।



ਨੂਰਾ—ਇਹ ਤਾਂ ਤੈਨੂੰ ਪਤਾ ਜਾਂ ਤੇਰਾ ਰਬ ਜਾਣਦਾ, ਅਸੀਂ ਤੇ ਹਥ ਟੁਕ ਕੇ ਰਖ ਦਿਤੇ ਨੇ।

ਸ਼ਾਹ—ਗ਼ਮ ਨਾ ਕਰ ਫੇਰ, ਐਤਕਾਂ ਫਸਲ ਬੜੀ ਚੰਗੀ ਲੱਗੀ ਏ, ਰਜ ਜਾਣਗੇ ਜ਼ਿਮੀਂਦਾਰ।

ਬਾਬਾ—ਪਤਾ ਨਹੀਂ ਰਜਣਗੇ ਜਾਂ ਬਰਬਾਦ ਹੋਣਗੇ ਕੁਵੱਲੇ ਜਹੇ ਰੌਲੇ ਸੁਣੀਂਦੇ ਨੇ, ਪਾਕਿਸਤਾਨ ਹਿੰਦੁਸਤਾਨ ਬਣਨ ਦੇ।

ਨੂਰਾ—ਤੇਰੀਆਂ ਵੀ ਪੌਂ ਬਾਰਾਂ ਨੇ ਭੋਲੇ ਸ਼ਾਹ, ਸਭ ਕਰਜ਼ੇ ਤਰ ਜਾਣਗੇ।

ਬਾਬਾ—ਕਰਜ਼ੇ ਵੀ ਤਾਹੀਓਂ ਤਰਨਗੇ ਜੇ ਸੁਖ ਚੈਨ ਨਾਲ ਕਣਕ ਕਿਸਾਨ ਦੇ ਘਰ ਪੁਜ ਜਾਵੇਗੀ। ਜੇ ਗੜ ਬੜ ਹੋ ਗਈ ਜਿੱਦਾਂ ਰਾਵਲ-ਪਿੰਡੀ ਹੋਈ ਏ ਫੇਰ ਕਿਹਨੇ ਫ਼ਸਲ ਸਾਂਭਣੀ ਨੇ। ਸਚ ਕਿਹਾ ਏ, ਫੁੱਲੀ ਖੇਤੀ ਦੇਖ ਕੇ ਗਰਬ ਕਰੇ ਕਿਰਸਾਣ, ਨੇਰ੍ਹੀ ਝੱਖੜ ਬਹੁਤ ਹੈ ਘਰ ਆਏ ਤੇ ਜਾਣ।

ਨੂਰਾ—ਬਾਬਾ, ਤੂੰ ਤੇ ਤੱਤ ਕਢ ਕੇ ਰਖ ਦਿੰਨਾ ਏ ਗਲ ਦਾ।

ਸ਼ਾਹ—ਪੇਂਡੂ ਸਿਆਣਪ ਦਾ ਸੋਮਾ ਏ ਗੁਰਦਿੱਤਾਂ ਮਲ।

ਨੂਰਾ—ਔਹ ਦੇਖ ਬਾਬਾ, ਲੜਦੇ ਪਏ ਤੇਰੇ ਪੋਤਰੇ।

ਬਾਬਾ—(ਉਠ ਕੇ) ਓਇ ਕਿਉਂ ਲੜਦੇ ਓ ਕਮਲਿਓ। ਸਰਦਾਰਿਆ,

ਛਡਦਾ ਏਂ ਕਿ ਨਹੀਂ।

ਕਰਤਾਰਾ—(ਰੋਂਦਾ ਹੋਇਆ) ਬਾਬਾ, ਮੈਨੂੰ ਬਹੁਤ ਮਾਰਿਆ ਏ।

ਬਾਬਾ—ਏਧਰ ਹੋ ਸਰਦਾਟੇ ਦਿਆ ਬਚਿਆ, ਤੇਰਾ ਦੋਂਹ ਕੰਨਾਂ ਵਿਚ ਸਿਰ ਕਰਾਂ।

ਸਰਦਾਰਾ—ਬਾਬਾ, ਪਹਿਲਾਂ ਛੇੜ ਲੈਂਦਾ ਪਿਛੋਂ ਰੋਂਦਾ।

ਕਰਤਾਰਾ—(ਰੋਂਦਾ ਹੋਇਆ) ਕਦੋਂ ਛੇੜਿਆ ?

ਸਰਦਾਰਾ—ਨਾਂ ਕੁ ਨਾਂ ਨਹੀਂ ਪਾਏ ਤੂੰ ਮੇਰੇ।

ਕਰਤਾਰਾ—ਮੈਂ ਮੂੰਹ ਨਾਲ ਗੱਲ ਕਰਦਾਂ, ਇਹ ਮੈਨੂੰ ਮਾਰਨ ਲਗ ਪੈਂਦਾ ਏ।

ਬਾਬਾ—ਚੁਪ ਕਰ ਤੂੰ ਬੱਚਾ, ਦੇਖ ਮੈਂ ਕਰਦਾ ਇਹਨੂੰ ਠੀਕ।

ਬਾਬਾ ਕਰਤਾਰੇ ਵਲ ਨੂੰ ਪਿਠ ਕਰਕੇ ਝੂਠੀ ਮੂਠੀ ਸਰਦਾਰੇ ਨੂੰ ਮਾਰਦਾ ਹੈ ਅਤੇ ਸਰਦਾਰਾ ਵੀ ਐਵੇਂ ਰੋਣ ਲਗ ਜਾਂਦਾ ਹੈ।

ਕਰਤਾਰਾ—ਦੇਖਿਆ ਹੁਣ ਸੁਆਦ, ਮਾਰ ਪੁਆਈ ਕਿ ਨਾ ?

ਸਰਦਾਰਾ—ਕਿਹਦੇ ਓਇ, ਮੈਂ ਤਾਂ ਝੂਠੀ ਮੂਠੀ ਰੋਂਦਾ ਸੀ।

ਕਰਤਾਰਾ—ਏਦਾਂ ਈ ਆਖੀਦਾ ਹੁੰਦਾ, ਰੋਲੀ ਨ ਹੋਵੇ ਤਾਂ।

ਬਾਬਾ—ਤੁਸੀਂ ਬਹੁਤ ਨਲੈਕ ਓ, ਹਰ ਵੇਲੇ ਲੜਦੇ ਰਹਿੰਦੇ ਓ,



ਪਤਾ ਨਹੀਂ ਤੁਸੀਂ ਕੀ ਵੰਡਣਾ ਏਂ। ਐਧਰ ਆਓ ਜ਼ਰਾ, ਲਓ ਤੋੜੋ ਇਹਨਾਂ ਡਸਾਂ ਨੂੰ।

ਸਰਦਾਰਾ—ਬਾਬਾ, ਇਹ ਵੀ ਕੋਈ ਭਾਰੀ ਗੱਲ ਐ।

ਕਰਤਾਰਾ—ਲੈ ਮੈਂ ਝਟ ਪਟ ਤੋੜ ਦਿੰਨਾ।

ਬਾਬਾ—ਸ਼ਾਬਾਸ਼ ! ਅੱਛਾ ਫੇਰ ਹੁਣ ਇਸ ਰੱਸੀ ਨੂੰ ਤੋੜੋ।

ਦੋਵੇਂ ਜ਼ੋਰ ਲਾਉਂਦੇ ਹਨ, ਪਰ ਉਹ ਨਹੀਂ ਟੁਟਦੀ।

ਸਰਦਾਰਾ—ਬਾਬਾ, ਇਹ ਤਾਂ ਟੁਟਦੀ ਨਹੀਂ।

ਕਰਤਾਰਾ—ਇਹ ਤਾਂ ਬਹੁਤ ਪੱਕੀ ਐ।

ਰੱਜੀ ਇਸ ਵੇਲੇ ਦਰਵਾਜ਼ੇ ਵਿਚ ਖੜੀ ਰਹਿੰਦੀ ਹੈ ਅਤੇ ਬਚਿਆਂ ਦੀਆਂ ਹਰਕਤਾਂ ਬੜੇ ਗਹੁ ਨਾਲ ਦੇਖਦੀ ਹੈ।

ਬਾਬਾ—ਵੇਖਿਆ ਬਚਿਓ, ਕੱਠ ਵਿਚ ਕਿੰਨੀ ਤਾਕਤ ਏ। ਜੇ ਰਲ ਮਿਲ ਕੇ ਰਹੋਗੇ ਤਾਂ ਤੁਹਾਨੂੰ ਵੀ ਕੋਈ ਤੋੜ ਨਹੀਂ ਸਕੇਗਾ।

ਕਰਤਾਰ—ਹਾਂ ! ਮਾਸਟਰ ਨੇ ਸਾਨੂੰ ਕਹਾਣੀ ਵੀ ਸੁਣਾਈ ਸੀ, 'ਏਕਤਾ ਮਹਾਨ ਸ਼ਕਤੀ ਏ।'

ਬਾਬਾ—ਲਾਓ ਕੰਨਾਂ ਨੂੰ ਹੱਥ, ਆਖੋ ਅੱਗੇ ਨੂੰ ਨਹੀਂ ਲੜਦੇ।

ਕਰਤਾਰਾ—ਹੁਣ ਨਹੀਂ ਲੜਦੇ।

ਕਰਤਾਰਾ ਦੋਵੇਂ ਕੰਨ ਫੜ ਲੈਂਦਾ ਹੈ, ਪਰ ਸਰਦਾਰਾ ਉਂਞ ਹੀ ਖੜਾ ਰਹਿੰਦਾ ਹੈ। ਰੱਜੀ ਉਸ ਨੂੰ ਘੂਰਦੀ ਹੈ ਤੇ ਉਹ ਇਕ ਦਮ ਕੰਨ ਫੜ ਲੈਂਦਾ ਹੈ।

ਬਾਬਾ—ਐਧਰ ਆਓ, ਕੰਮ ਲਾਵਾਂ ਤੁਹਾਨੂੰ।

ਸ਼ਾਹ—ਮੁੰਡਿਆਂ ਦੇ ਮਨ ਬੜੇ ਚੰਚਲ ਹੁੰਦੇ ਨੇ। ਇਨ੍ਹਾਂ ਨੂੰ ਕੰਮ ਵਿਚ ਰੁਝਾਈ ਰਖਣਾ ਚਾਹੀਦਾ ਏ।

ਰੱਜੀ—ਬਾਪੂ ਜੀ, ਇਨ੍ਹਾਂ ਫਾਹੇ ਜਾਣਿਆਂ ਨੂੰ ਐਧਰ ਭੇਜੋ, ਮੈਂ ਕਰਦੀ ਆਂ ਸਿਧੇ।

ਬਾਬਾ—ਬਥੇਰੇ ਸਿਧੇ ਹੋ ਗਏ ਨੇ ਰੱਜੀਏ, ਕੁਝ ਨਾ ਆਖੀ ਇਨ੍ਹਾਂ ਨੂੰ।

ਰੱਜੀ—ਅੱਛਾ ਫੇਰ ਭੇਜ ਦਿਓ ਰੋਟੀ ਤਾਂ ਖਾ ਲੈਣ।

ਬਾਬਾ—ਜਾਓ ਮੇਰੇ ਸ਼ੇਰੋ, ਰੋਟੀ ਖਾ ਲਓ। ਪਰ ਪਹਿਲਾਂ ਮੇਰੇ ਸਾਹਮਣੇ ਹੱਥ ਮਿਲਾਓ।

ਉਹ ਦੋਵੇਂ ਹੱਥ ਮਿਲਾਉਂਦੇ ਅਤੇ ਹਸਦੇ ਹਨ। ਬਾਬਾ ਉਨ੍ਹਾਂ ਨੂੰ ਦੇਖ ਕੇ ਬਹੁਤ ਖੁਸ਼ ਹੁੰਦਾ ਹੈ।

ਸ਼ਾਹ—ਕਿਆ ਉਮਰ ਏ ਗੁਰਦਿਤਾ ਮਲ। ਘੜੀ ਵਿਚ ਲੜਨਾ, ਦੂਜੀ ਘੜੀ ਭੁਲ ਜਾਣਾ।



ਉਹ ਦੌੜ ਕੇ ਰੱਜੀ ਕੋਲ ਜਾਂਦੇ ਹਨ। ਰੱਜੀ ਦੋਹਾਂ ਨੂੰ ਪਿਆਰ ਕਰਦੀ ਹੈ ਤੇ ਪੋਲੇ ਜਹੇ ਧੱਫੇ ਮਾਰਦੀ ਹੈ। ਬਾਬਾ ਬੜੀਆਂ ਸਧਰਾਈਆਂ ਅੱਖਾਂ ਨਾਲ ਉਧਰ ਦੇਖਦਾ ਰਹਿੰਦਾ ਹੈ।

ਬਾਬਾ—ਰੱਜੀਏ, ਭੇਜੀਂ ਜ਼ਰਾ ਇਨ੍ਹਾਂ ਨੂੰ ਇਕ ਮਿੰਟ, ਇਨ੍ਹਾਂ ਦਾ ਮੁਣਸੀ ਔਂਦਾ ਪਿਆ ਏ।

ਰੱਜੀ—ਜਾਓ ਕਾਕਾ।

ਦੋਵੇਂ—ਅਸੀਂ ਨਹੀਂ ਜਾਣਾ ਸਾਨੂੰ ਮਾਰੂਗਾ।

ਬਦੋ ਬਦੀ ਅੰਦਰ ਵਲ ਨਠ ਜਾਂਦੇ ਹਨ।

ਮੌਲਵੀ—ਸਲਾਮ ਐ ਲੈਕਮ ਚੋਧਰੀ ਸਾਹਿਬਾਨ।

ਬਾਬਾ—ਸਲਾਮ ਐ ਮੌਲਵੀ ਸਾਹਿਬ।

ਸ਼ਾਹ—ਸਲਾਮ ਸਲਾਮ।

ਨੂਰਾ—ਵਾ ਅਲੈਕਮ ਸਲਾਮ।

ਬਾਬਾ—ਆਓ ਮੌਲਵੀ ਸਾਹਿਬ, ਬੈਠੋ ਐਥੇ।

ਮੌਲਵੀ—ਮਿਹਰਬਾਨੀ ਤੁਸੀਂ ਬੈਠੋ ਮੈਂ ਤੇ ਸਕੂਲ ਵਿਚ ਬੈਠਾ ਈ ਆਇਆਂ ਹਾਂ।

ਬਾਬਾ—ਕੋਈ ਘੜੀ ਸਾਡੇ ਕੋਲ ਵੀ ਬਹਿ ਲਿਆ ਕਰੋ ਨਾ।

ਮੌਲਵੀ—ਚੋਧਰੀ ਫੁਰਸਤ ਬਹੁਤ ਘਟ ਮਿਲਦੀ ਹੈ।

ਮੌਲਵੀ ਬੈਠ ਜਾਂਦਾ ਹੈ । ਬਾਬੇ ਦੇ ਮੋਢੇ ਤੇ ਪਿਆਰ ਨਾਲ ਹਥ ਰਖਦਾ ਹੈ ।

ਬਾਬਾ—ਇਹ ਦਸੋ ਮੌਲਵੀ ਜੀ, ਸਕੂਲ ਵਿਚ ਇਨ੍ਹਾਂ ਮੁੰਡਿਆਂ ਨੂੰ ਕੋਈ ਸਿਖ ਮਤ ਵੀ ਦਿੰਦੇ ਓ ਕਿ ਨਹੀਂ ?

ਮੌਲਵੀ—ਹੋਰ ਕੰਮ ਹੀ ਕਿਆ ਹੈ ਸਾਡਾ ।

ਬਾਬਾ—ਫੇਰ ਕਿਉਂ ਇਹ ਹਰ ਵੇਲੇ ਲੜਦੇ ਝਗੜਦੇ ਤੇ ਸ਼ਰਾਰਤਾਂ ਕਰਦੇ ਰਹਿੰਦੇ ਨੇ ।

ਮੌਲਵੀ—ਸਕੂਲ ਵਿਚ ਤਾਂ ਬਹੁਤ ਚੰਡ ਕੇ ਰਖੀਦਾ ਹੈ, ਪਰ ਘਰ ਆ ਕੇ ਕਿਆ ਕਰਦੇ ਹੁੰਦੇ ਨੇ ।

ਬਾਬਾ—ਪੁਛ ਲਓ ਇਨ੍ਹਾਂ ਦੀ ਮਾਂ ਤੋਂ ਸਾਹਮਣੇ ਖੜੀ ਐ ।

ਰੱਜੀ—ਮੁਣਸੀ ਜੀ, ਘਰ ਆਕੇ ਤਾਂ ਇਹ ਕਿਤਾਬ ਦਾ ਮੂੰਹ ਨਹੀਂ ਵੇਖਦੇ । ਇਨ੍ਹਾਂ ਦਾ ਕੰਮ ਜਾਂ ਸਾਰਾ ਦਿਨ ਕੋਠਿਆਂ ਤੇ ਦੁੜਕਣਾ ਏਂ ਜਾਂ ਗਲੀ ਵਿਚ ਗੁੱਲੀ ਡੰਡਾ ਖੇਡਣਾ ਤੇ ਲੜਨਾ ਭਿੜਨਾ ।

ਮੌਲਵੀ—ਕਿਉਂ ਓਇ ਨਲਾਇਕੋ, ਕਿਧਰ ਗਏ ?

ਰੱਜੀ—ਤੁਸੀਂ ਕੁਝ ਨਾ ਕਹਿਣਾ ਮੁਣਸੀ ਜੀ, ਬਾਪੂ ਨੇ ਬਥੇਰੀ ਕੀਤੀ ਏ ਇਨ੍ਹਾਂ ਬੇਸ਼ਰਮਾਂ ਨਾਲ ।

ਸ਼ਾਹ ਰੱਜੀਏ, ਰੰਬਾ ਤੇ ਮੁੰਡਾ ਚੰਡਿਆ ਈ ਚੰਗਾ ਰਹਿੰਦਾ ਏ । ਤੂੰ ਲਿਹਾਜ਼ ਨਾ ਕਰਿਆ ਕਰ ਇਨ੍ਹਾਂ ਦਾ ।



ਰੱਜੀ—ਪਰ ਸ਼ਾਹ ਜੀ, ਬਹੁਤੀ ਘੂਰ ਦਬਕ ਵੀ ਬੱਚੇ ਨੂੰ ਛਿੱਤਰ ਕੁਟ ਬਣਾ ਦਿੰਦੀ ਏ ।

ਨੂਰਾ—ਬੱਚੇ ਹੈ ਈ ਬੜੇ ਸ਼ੈਤਾਨ ਅਜ ਕਲ ਦੇ ।

ਬਾਬਾ—ਮੌਲਵੀ ਸਾਹਿਬ, ਸਾਥੋਂ ਤਾਂ ਇਹ ਬਿਲਕੁਲ ਨਹੀਂ ਡਰਦੇ ਤੇ ਸਕੂਲ ਵਿਚ ਤੁਸੀਂ ਖਾਸ ਧਿਆਨ ਨਹੀਂ ਰਖਦੇ ।

ਮੌਲਵੀ—ਚੌਧਰੀ ਸਾਹਿਬ, ਗਲ ਤੁਹਾਡੀ ਠੀਕ ਐ, ਪਰ ਉਸਤਾਦ ਲੋਕ ਵੀ ਕੀ ਕਰਨ । ਜਿਤਨਾ ਗੁੜ ਪਾਈਦਾ ਉਤਨਾ ਹੀ ਮਿੱਠਾ ਹੁੰਦਾ ਹੈ । ਤਨਖਾਹ ਤੁਹਾਨੂੰ ਪਤੈ ਗਰੀਬ ਮਾਸਟਰਾਂ ਨੂੰ ਕੀ ਮਿਲਦੀ ਹੈ ।

ਬਾਬਾ—ਤਨਖਾਹਾਂ ਤਾਂ ਅਸੀਂ ਵੀ ਸੁਣਿਐ ਬੜੀਆਂ ਘਟ ਨੇ ।

ਮੌਲਵੀ—ਫੇਰ ਤੁਸੀਂ ਆਪ ਹੀ ਦਸੋ ਕਿ ਅਸੀਂ ਲੜਕਿਆਂ ਦਾ ਧਿਆਨ ਰਖੀਏ ਕਿ ਰੋਟੀ ਦਾ ਫਿਕਰ ਕਰੀਏ ।

ਸ਼ਾਹ—ਤਾਹੀਓਂ ਤੇ ਅਜ ਕਲ ਦੇ ਮੁੰਡਿਆਂ ਨੂੰ ਦਸ ਜਮਾਤਾਂ ਪਾਸ ਕਰ ਕੇ ਅਰਜੀ ਵੀ ਲਿਖਣੀ ਨਹੀਂ ਆਉਂਦੀ । ਅਸੀ ਗੁਲਸਤਾਨ ਬੋਸਤਾਨ ਚੌਥੀ ਜਮਾਤ ਵਿਚ ਪੜੀਆਂ ਸਨ, ਕਿਉਂ ਗੁਰਦਿੱਤਾ ਮਲ ।

ਬਾਬਾ—ਭੋਲੇ ਸ਼ਾਹ, ਉਹ ਵੇਲੇ ਬੜੇ ਚੰਗੇ ਸਨ ।

ਮੌਲਵੀ—ਚੌਧਰੀ ਸਾਹਬ, ਤੁਹਾਡੇ ਵਕਤ ਉਸਤਾਦਾਂ ਦੀਆਂ ਸਭ ਜ਼ਰੂਰੀਆਤ ਪਿੰਡਾਂ ਵਿਚੋਂ ਹੀ ਪੂਰੀਆਂ ਹੋ ਜਾਂਦੀਆਂ ਸਨ, ਫਿਰ ਕਿਉਂ ਨਾ ਦਿਲ ਲਗਾ ਕੇ ਪੜ੍ਹਾਉਂਦੇ ਉਸਤਾਦ।

ਸ਼ਾਹ— ਗੱਲ ਤਾਂ ਠੀਕ ਐ। ਸਾਡੇ ਵੇਲੇ ਉਸਤਾਦਾਂ ਨੂੰ ਕਿਸੇ ਗੱਲ ਦੀ ਥੁੜ੍ਹ ਨਹੀਂ ਸੀ ਰਹਿੰਦੀ। ਅਸੀਂ ਆਪਣੇ ਮੁਣਸੀ ਲਈ ਰੋਜ਼ ਕਦੇ ਦੁਧ ਕਦੇ ਲੱਸੀ ਲੈ ਕੇ ਜਾਂਦੇ ਹੁੰਦੇ ਸਾਂ।

ਨੂਰਾ— ਨਾਲੇ ਇਕੋ ਮੁਣਸੀ ਸਾਰੇ ਪਿੰਡ ਨੂੰ ਪੜ੍ਹਾ ਦਿੰਦਾ ਹੁੰਦਾ ਸੀ।

ਬਾਬਾ—ਇਨ੍ਹਾਂ ਨੂੰ ਕੁਝ ਆਉਂਦਾ ਜਾਂਦਾ ਵੀ ਏ ਕਿ ਨਹੀਂ।

ਮੌਲਵੀ—ਵਡੇ ਦਾ ਮਨ ਤਾਂ ਹਰ ਵਕਤ ਸ਼ਰਾਰਤਾਂ ਵਲ ਰਹਿੰਦਾ ਹੈ। ਵੈਸੇ ਦਿਲ ਦਾ ਮਾੜਾ ਨਹੀਂ, ਸੁਭਾ ਦਾ ਖੁਲਾਸਾ ਹੈ। ਮਗਰ ਲੜਕਿਆਂ ਨੂੰ ਮਾਰਦਾ ਕੁਟਦਾ ਬਹੁਤ ਹੈ।

ਬਾਬਾ—ਪੁਰਾਣੀ ਰੀਤ ਅਨੁਸਾਰ ਵੱਡੇ ਮੁੰਡੇ ਦੇ ਅਸੀਂ ਕੇਸ ਰਖਾਏ ਨੇ। ਇਸੇ ਕਰਕੇ ਤਾਂ ਨਹੀਂ ਬਹੁਤਾ ਜੋਸ਼ੀਲਾ?

ਸਾਰੇ ਹਸਦੇ ਹਨ।

ਸ਼ਾਹ—ਜੋਸ਼ ਤਾਂ ਇਹਦਾ ਹੁਣੇ ਵੇਖ ਕੇ ਹਟੇ ਆਂ।

ਬਾਬਾ—ਤੇ ਛੋਟੇ ਦਾ ਕੀ ਹਾਲ ਏ?



ਮੌਲਵੀ—ਛੋਟਾ ਬੜਾ ਜ਼ਹੀਨ ਔਰ ਮਿਹਨਤੀ ਹੈ, ਵੈਸੇ ਘਟ ਉਹ ਵੀ ਨਹੀਂ, ਮਿੰਨਾ ਮੀਸਣਾ ਹੈ।

ਸ਼ਾਹ—ਕੋਈ ਡਰ ਨਹੀਂ ਗੁਰਦਿੱਤਾ ਮਲ, ਬੱਚੇ ਹੁੰਦੇ ਈ ਇਸੇ ਤਰ੍ਹਾਂ ਨੇ। ਵਡੇ ਹੋ ਕੇ ਆਪੇ ਮਤ ਆ ਜਾਵੇਗੀ। ਅਜੇ ਇਆਣੀ ਬੁਧ ਏ।

ਬਾਬਾ—ਭੋਲੇ ਸ਼ਾਹ, ਸੂਲਾਂ ਜੰਮਦੀਆਂ ਦੇ ਈ ਮੂੰਹ ਤਿਖੇ ਹੁੰਦੇ ਨੇ। ਜੇ ਹੁਣ ਇਹ ਰਾਸ ਨਾ ਆਏ ਤਾਂ ਵਡੇ ਹੋਇਆਂ ਇਨ੍ਹਾਂ ਕਿਥੇ ਸੁਧਰਨਾ ਏਂ।

ਮੌਲਵੀ—ਠੀਕ ਹੈ, ਸਾਡੇ ਮੁਲਕ ਵਿਚ ਬੱਚੇ ਦੀ ਤਾਲੀਮ ਓਰ ਤਰਬੀਅਤ ਵਲ ਬਹੁਤ ਕਮ ਧਿਆਨ ਦਿੱਤਾ ਜਾਂਦਾ ਹੈ।

ਸ਼ਾਹ—ਮੈਂ ਤਾਂ ਕਹਿੰਦਾਂ, ਸਰਦਾਰੇ ਨੂੰ ਖੇਤੀ ਬਾੜੀ ਦੇ ਕੰਮ ਵਿੱਚ ਪਾ ਦਿਓ, ਚੰਗਾ ਕਾਮਾ ਬਣੇਗਾ।

ਬਾਬਾ—ਤੇ ਛੋਟੇ ਦਾ ਕੀ ਕਰੀਏ?

ਮੌਲਵੀ—ਇਸ ਨੂੰ ਜ਼ਰੂਰ ਅਗੇ ਪੜ੍ਹਾਓ। ਇਹ ਤਾਂ ਹੈ ਹੀ ਬਾਬੂ ਬਣਨ ਦੇ ਲਾਇਕ।

ਸ਼ਾਹ—ਘਰ ਦਾ ਇਕ ਬੰਦਾ ਜ਼ਰੂਰ ਬਾਹਰ ਨਿਕਲਣਾ ਚਾਹੀਦਾ ਹੈ।

— ਸਰਦਾਰੇ ਦੀ ਪੜ੍ਹਾਈ ਤਾਂ ਰੋਂ ਈ ਛੁਟ ਜਾਣੀ ਏਂ।

ਮੌਲਵੀ—ਉਹ ਕਿਸ ਤਰ੍ਹਾਂ ਚੌਧਰੀ ਸਾਹਿਬ ?

ਬਾਬਾ—ਇਹਦਾ ਵਿਆਹ ਜੁ ਨੇੜੇ ਆ ਗਿਆ ਏ ।

ਮੌਲਵੀ—ਸੁਬਾਨ ਅੱਲਾ ! ਅਜੇ ਹੁਣੇ ਹੀ ! ਚੌਧਰੀ ਸਾਹਬ, ਜ਼ਮਾਨਾ ਕਿਹੜਾ ਜਾ ਰਿਹਾ ਹੈ । ਕਿਉਂ ਬੱਚੇ ਦੀ ਜ਼ਿੰਦਗੀ ਖਰਾਬ ਕਰਨ ਲਗੇ ਓ ।

ਬਾਬਾ—ਚਾਹੁੰਦਾ ਤਾਂ ਮੈਂ ਵੀ ਸਾਂ ਪਈ ਅਠ ਜਮਾਤਾਂ ਪਾਸ ਕਰ ਲੈਂਦਾ ਪਰ

ਮੌਲਵੀ—ਫੇਰ ਇਤਨੀ ਜਲਦੀ ਕਿਸ ਬਾਤ ਦੀ ਹੈ । ਬਚਪਨ ਦੀ ਸ਼ਾਦੀ ਦੀਆਂ ਬੁਰਾਈਆਂ ਨਹੀਂ ਜਾਣਦੇ ਤੁਸੀਂ ।

ਬਾਬਾ—ਸਭ ਕੁਝ ਜਾਣਦੇ ਆਂ ਮੌਲਵੀ ਸਾਹਬ । ਤੁਹਾਨੂੰ ਨਹੀਂ ਪਤਾ ਮੁੰਡਿਆਂ ਦੀ ਬੇਬੇ ਨੇ ਸਾਡਾ ਜੀਣਾ ਹਰਾਮ ਕੀਤਾ ਹੋਇਆ ਏ । ਕਹਿੰਦੀ ਏ ਮੇਰੇ ਜੀਂਦੇ ਜੀ ਸਰਦਾਰੇ ਦਾ ਵਿਆਹ ਜ਼ਰੂਰ ਕਰੋ ਨਹੀਂ ਤਾਂ ਮੈਂ ਕੁਝ ਕਰ ਮਰਨਾ ਏਂ ।

ਮੌਲਵੀ—ਸਰਦਾਰੇ ਦਾ ਕਰਵਾ ਕੇ ਉਸ ਨੇ ਫੇਰ ਕਰਤਾਰੇ ਦਾ ਵੀ ਕਰਵਾ ਕੇ ਛੱਡਣਾ ਹੈ ।

ਸ਼ਾਹ—(ਹੱਸਦਾ ਹੋਇਆ) ਇਹ ਤਾਂ ਦਿਸਦਾ ਈ ਏ ਕਿ ।

ਬਾਬਾ—ਪੁਛ ਲਓ, ਆ ਗਈ ਜੇ ਸਬੱਬ ਨਾਲ ।

ਮੌਲਵੀ—(ਉਚੀ) ਅੰਮਾ, ਸਰਦਾਰੇ ਨੂੰ ਕਿਉਂ ਐਨੀ ਛੇਤੀ ਨਰੜਨ ਲੱਗੇ



ਹੋ ? ਅਠਵੀਂ ਦਾ ਇਮਤਿਹਾਨ ਦੇ ਲੈਣ ਦਿਓ ।

ਬੇਬੇ—ਫਿਟੇ ਮੂੰਹ, ਕੀ ਗੱਲਾਂ ਕਰਦਾ ਮੁਣਸੀ, ਮਤ ਮਾਰੀ ਹੋਈ ਏ । ਸੁਆਹ ਪੜ੍ਹਾਉਂਦਾ ਹੋਣਾ ਏਂ ਸਕੂਲ ਵਿਚ । ਵਿਆਹ ਹੋਣਾ ਈ ਏ ਅਗੇਤਰ ਪਛੇਤਰ ਮੁੰਡੇ ਦਾ । ਹੋਰ ਬੁੱਢਾ ਕਰਕੇ ਵਿਆਹੁਣਾ ਏ ।

ਮੌਲਵੀ—ਪਰ ਅੰਮਾਂ, ਮੁੰਡੇ ਨੇ ਪੜ੍ਹਨਾ ਛਡਨਾ ਕੋਈ ਨਹੀਂ ਵਿਆਹ ਪਿਛੋਂ ।

ਬੇਬੇ—ਤੇ ਕੀ ਲੈਣਾ ਡਮਾਕ ਖਰਾਬ ਕਰਕੇ । ਐਵੇਂ ਪੜ੍ਹਾਈ ਦਾ ਨਾਸ ਮਾਰਨਾ । ਬਥੇਰਾ ਹੋ ਗਿਆ ਏ ਗੁਜਾਰੇ ਜੋਗਾ । ਕਾਟ ਸ਼ਾਟ ਉਠਾਲ ਲੈਂਦਾ ਏ । ਇੱਨਾ ਥੋੜ੍ਹਾ ਏ । ਨਾਲੇ ਘਰ ਦਾ ਕੰਮ ਵੀ ਤਾਂ ਉਸੇ ਜੀਣ ਜੋਗੇ ਨੇ ਕਰਨਾ ਏ ।

ਬਾਬਾ—(ਹੱਸਦਾ ਹੋਇਆ) ਹੋਰ ਪੁਛੋ ਕੁਝ ਮੌਲਵੀ ਸਾਹਬ ।

ਬੇਬੇ—ਤੂੰ ਬੜਾ ਬੀ. ਆ ਪਾਸ ਕੀਤਾ ਹੋਇਆ, ਗੱਲਾਂ ਬਣਾਉਂਦਾ । (ਸ਼ਾਹ ਵਲ ਹਥ ਕਰਕੇ) ਨਾਲੇ ਸ਼ਾਹ ਨੇ ਐਮ ਆ ਪਾਸ ਕੀਤਾ ਹੋਣਾ, ਵੇਖਾਂ ਵੰਦੀਆਂ ਕਿੱਦਾਂ ਕਢੀਆਂ ਹੋਈਆਂ ।

ਸ਼ਾਹ—ਚਾਚੀ, ਮੈਂ ਤਾਂ ਸਗੋਂ ਵਿਆਹ ਦੇ ਹਕ ਵਿਚ ਆਂ ਮੈਨੂੰ ਤਾਂ ਕੁਝ ਫ਼ਾਇਦਾ ਈ ਹੋਣਾ ਏਂ ਵਿਆਹ ਵਿਚੋਂ, ਮੇਰੇ ਦੁਆਲੇ

ਖਾਹ ਮਖਾਹ ਹੋ ਗਈ ਏਂ।

ਬੇਬੋ–ਫੇਰ ਹੋਰ ਕੌਣ ਰੋਕਾਂ ਪੌਂਦਾ ਏ ?

ਸ਼ਾਹ–ਚਾਚੀ, ਰੋਕ ਤਾਂ ਕੋਈ ਨਹੀਂ ਪੌਂਦਾ, ਅਸੀਂ ਤਾਂ ਮੂੰਹੋਂ ਦੇ ਭਲੇ ਦੀ ਗਲ ਕੀਤੀ ਸੀ।

ਬੇਬੋ–ਸਾਨੂੰ ਪਤਾ ਜਿਹੜਾ ਤੂੰ ਭਲਾ ਕਰਦਾ ਏਂ ਪਿੰਡ ਵਿਚ। ਤੇਰੇ ਚੱਟੇ ਤਾਂ ਦਰਖਤ ਹਰੇ ਨਾ ਹੋਏ।

ਬਾਬਾ–ਬਾਬਾ ਜਾਹ ਘਰ ਨੂੰ, ਕਿਉਂ ਖਹਿੜੇ ਪੈ ਗਈ ਏਂ ਵਿਚਾਰਿਆਂ ਦੇ।

ਬੇਬੋ–ਕੀ ਮੈਂ ਸੋਟਾ ਮਾਰਿਆ ਕਿਸੇ ਦੇ, ਮੂੰਹ ਸੀ ਲਵਾਂ, ਬੋਲਾਂ ਨਾ।

ਮੌਲਵੀ–ਠੀਕ ਹੈ ਅੰਮਾਂ, ਘਰ ਦਾ ਕੰਮ ਵੀ ਤਾਂ ਕਿਸੇ ਨੇਂ ਕਰਨਾ ਹੀ ਹੋਇਆ, ਚੌਧਰੀ ਹੋਰੀ ਤਾਂ ਹੋ ਗਏ ਨੇ ਬੁੱਢੇ।

ਬੇਬੋ–ਏਹੋ ਤਾਂ ਮੈਂ ਕਹਿੰਦੀ ਆਂ ਘਰ ਦਾ ਕੰਮ ਵੀ ਤਾਂ ਉਸੇ ਨੇ ਕਰਨਾ ਏ ਹੁਣ। ਉਪਰੋਂ ਅਵੱਲੇ ਜਹੇ ਰੂਲੇ ਸੁਣੀਦੇ ਆਂ ਜੇਹੜਾ ਕੰਮ ਹੋ ਜਾਏ ਉਹੋ ਚੰਗਾ। ਵਹੁਟੀ ਆ ਜਾਊ ਤਾਂ ਉਹ ਵੀ ਹਥ ਵਟਾਊ। ਮੁੰਡਾਂ ਜੀਂਦਾ ਰਹਿੰਦਾ ਤਾਂ ਕੇਹੜੀ ਗਲ ਦਾ ਘਾਟਾ ਸੀ, ਫੇਰ ਭਾਵੇਂ ਵਲੈਤ ਪਾਸ ਕਰ ਔਂਦਾ।



ਅੱਖਾਂ ਭਰ ਲੈਂਦੀ ਹੈ। ਰੱਜੀ ਵੀ ਪੱਲੇ ਨਾਲ ਅੱਖਾਂ ਪੂੰਝਦੀ ਹੈ।

ਸ਼ਾਹ–ਦਿਲ ਨਾ ਹੌਲਾ ਕਰ ਚਾਚੀ, ਪਿੰਡ ਦਾ ਸਿਰ ਉੱਚਾ ਕਰ ਦਿੱਤਾ ਏ ਜਗ ਵਿਚ ਤੇਰੇ ਪੁਤ ਨੇ।

ਨੂਰਾ–ਕਾਹਨੂੰ ਜਣਨਾਂ ਏ ਏਹੋ ਜਿਹਾ ਲਾਲ ਕਿਸੇ ਮਾਂ ਨੇ।

ਬਾਬਾ–ਬਸ ਇਹੋ ਜਹੀਆਂ ਗੱਲਾਂ ਨਾਲ ਹੌਂਸਲਾ ਬਝਦਾ ਏ। ਨਹੀਂ ਤਾਂ ਬੁਰੀ ਸਟ ਵੱਜੀ ਸੀ ਬੁਢੇ ਬਾਰੇ।

ਮੌਲਵੀ–ਗ਼ਮ ਨਾ ਕਰੋ, ਚੌਧਰੀ ਸਾਹਿਬ, ਜੀਉਂਦੇ ਰਹਿਣ ਤੇਰੇ ਪੋਤਰੇ, ਫੇਰ ਉਠਾ ਲੈਣਗੇ ਕੰਮ ਸਾਰਾ।

ਬੇਬੋ–(ਅੱਖਾਂ ਪੂੰਜਦੀ ਜਾਂਦੀ ਹੋਈ) ਅੱਛਾ ਸੁਰਗ ਵਿਚ ਵਾਸਾ ਹੋਵੇ ਲਾਲ ਦਾ।

ਰੱਜੀ ਉਸ ਨੂੰ ਅੰਦਰ ਲੈ ਜਾਂਦੀ ਹੈ।

ਮੌਲਵੀ–ਵਿਆਹ ਵਿਚ ਤਾਂ ਹਲਵਾ ਮੰਡਾ ਸਾਨੂੰ ਵੀ ਮਿਲੇਗਾ ਨਾ।

ਬਾਬਾ–ਸਭ ਭੇਲੇ ਸ਼ਾਹ ਦੇ ਵਸ ਏ, ਸਾਡੇ ਤਾਂ ਹਥ ਪੱਲੇ ਕੁਝ ਨਹੀਂ ਸੱਚੀ ਗਲ ਐ। ਵਟਾਈ ਚੋਂ ਖਾਣ ਜੋਗੇ ਦਾਣੇ ਮੁਸ਼-ਕਲ ਨਾਲ ਆਉਂਦੇ ਨੇ।

ਸ਼ਾਹ–ਚੌਧਰੀ ਸਭ ਕੁਝ ਤੇਰਾ ਈ ਐ। ਅਸੀ ਤਾਂ ਤੇਰੇ ਹਥ ਬੱਧੀ

ਗੁਲਾਮ ਆਂ, ਪਰ ਮੈਨੂੰ ਅਜ ਈ ਦਸ ਦੇਵੀਂ ਨਾਵਾਂ ਕਿੰਨਾ ਕੁ ਚਾਹੀਦਾ ਏ।

ਸ਼ਾਹ—ਪਹਿਲਾ ਵਿਆਹ ਏ ਸੁਖ ਨਾਲ ਪੈਸਾ ਤਾਂ ਖੁੱਲ੍ਹਾ ਖਰਚ ਹੋਣਾ।

ਮੌਲਵੀ—ਚੌਧਰੀ ਸਾਹਿਬ, ਰਸਮਾਂ ਤੇ ਫਜ਼ੂਲ ਖਰਚੀ ਕਰਨੀ ਕੋਈ ਅਕਲ ਮੰਦੀ ਨਹੀਂ, ਸੋਚ ਸਮਝ ਕੇ ਖਰਚ ਕਰਿਓ। ਅੱਛਾ ਸਾਹਿਬ ਸਲਾਮ।

ਬਾਬਾ—ਮੁਨਸ਼ੀ ਜੀ, ਮੁੰਡਿਆਂ ਦਾ ਜ਼ਰਾ ਧਿਆਨ ਰਖਿਆ ਕਰੋ। ਨਾਲੇ ਕੋਈ ਟਹਿਲ ਸੇਵਾ ਸਾਨੂੰ ਵੀ ਦਸਿਆ ਕਰੋ।

ਮੌਲਵੀ—ਚੌਧਰੀ ਸਾਹਿਬ, ਤੁਹਾਡੇ ਤੁਫ਼ੈਲ ਹੀ ਦਿਨ ਕਟੀ ਕਰੀ ਦੀ ਹੈ।

ਮੌਲਵੀ ਚਲਾ ਜਾਂਦਾ ਹੈ।

ਸ਼ਾਹ—ਨਾਵੇਂ ਦਾ ਤੂੰ ਭੋਰਾ ਫਿਕਰ ਨ ਕਰੀਂ, ਢਿਲ ਨਹੀਂ ਰਹਿਣ ਦੇਣੀ ਕਿਸੇ ਗਲੋਂ। ਮੌਲਵੀ ਨੂੰ ਕੀ ਪਤਾ ਇਨ੍ਹਾਂ ਗੱਲਾਂ ਦਾ।

ਬਾਬਾ—ਅਸੀਂ ਤਾਂ ਸਾਦ ਮੁਰਾਦਾ ਕਾਰਜ ਕਰਨਾ ਏਂ। ਫੇਰ ਵੀ ਚਾਰ ਪੰਜ ਸੌ ਰੁਪਏ ਦੀ ਲੋੜ ਪਵੇਗੀ। ਏਨਾ ਕੁ ਤਿਆਰ ਰੱਖੀਂ। ਬੰਕ ਵਿੱਚੋਂ ਮੈਂ ਨਹੀਂ ਲੈਣਾ।

ਸ਼ਾਹ—ਕੀ ਲੋੜ ਏ ਬੰਕ ਵਿਚੋਂ ਲੈਣ ਦੀ ਜਾਂ ਅਸੀਂ ਬੈਠੇ ਆਂ। ਨਾਵਾਂ



ਤਿਆਰ ਈ ਏ ਤੂੰ ਹੁਣੇ ਭਾਵੇਂ ਦੋ ਅੱਖਰ ਵਹੀ ਤੇ ਪਾ ਛਡ, ਯਾਦਾਸ਼ਤ ਰਹਿੰਦੀ ਏ। ਤੇਰਾ ਸਾਡਾ ਕਾਹਦਾ ਲੇਖਾ ਏ ਭਲਾ।

ਨੂਰਾ—ਸ਼ਾਹ ਗੂਠਾ ਲੁਆਣ ਵੇਲੇ ਕਿੰਨਾ ਮੀਸਣਾ ਬਣ ਜਾਂਦਾ ਏ।

ਸ਼ਾਹ—ਭਲੇ ਦਾ ਜ਼ਮਾਨਾ ਨਹੀਂ ਰਿਹਾ, ਗੁਰਦਿੱਤਾ ਮਲ, ਏਸ ਨੂਰੇ ਦੇ ਮੂੰਹ ਵਿਚ ਜ਼ਬਾਨ ਨਹੀਂ ਸੀ। ਅਜ ਚਬ ਚਬ ਕੇ ਗੱਲਾਂ ਕਰਦਾ ਐ।

ਨੂਰਾ—ਗੁਸਾ ਲੱਗਾ ਸ਼ਾਹ ਨੂੰ ਮੇਰੀ ਗਲ ਦਾ। ਮੈਂ ਹਾਸੇ ਵਿੱਚ ਗਲ ਆਖੀ ਸੀ।

ਈਸਰ—ਬਾਬਾ, ਉਹ ਸ਼ਹਰੀਆ ਫੇਰ ਆਇਆ ਏ ਅਜ!

ਬਾਬਾ—ਈਸਰਾ, ਕੋਈ ਚੰਗੀ ਖਬਰ ਵੀ ਲਿਆਇਆ ਕਿ ਨਹੀਂ?

ਸ਼ਾਹ—ਓਹ ਤਾਂ ਨਿਰੀ ਪੁਰੀ ਅਫਾਤ ਏ, ਚੰਗੀ ਖਬਰ ਕਿਥੋਂ ਲਿਆਉਣੀ ਏਂ ਉਸ।

ਈਸਰ—ਕਹਿੰਦੇ ਪਾਕਿਸਤਾਨ ਬਣ ਗਿਆ ਏ।

ਸ਼ਾਹ—ਹੈਂ! ਸਚ!!

ਬਾਬਾ—ਜੋ ਸੁਣਦੇ ਸਾਂ ਸਚ ਈ ਹੋ ਗਿਆ ਏ!

ਈਸਰ—ਅਨ-ਹੋਣੀਆਂ ਹੋ ਗਈਆਂ ਨੇ ਕਿ।

ਸ਼ਾਹ—ਸਾਨੂੰ ਕਿਤੇ ਡਰਾ ਧਮਕਾ ਕੇ ਮਤਲਬ ਤੇ ਨਹੀਂ ਕਢਣ ਆਇਆ?

ਕੋਈ ਬੜਾ ਚਤਰ ਚਲਾਕ ਬੰਦਾ ਏ।

ਈਸਰ—ਮਤਲਬ ਤੋਂ ਬਿਨਾਂ ਹੋਰ ਸ਼ਹਰੀਏ ਨੇ ਧੂੜ ਫੱਕਣ ਔਣਾ ਪਿੰਡ ਵਿਚ।

ਬਾਬਾ—ਈਸਰਾ, ਤੇਰਾ ਕੀ ਖਿਆਲ ਏ ਪਾਕਿਸਤਾਨ ਵਾਲੀ ਖਬਰ ਠੀਕ ਐ?

ਈਸਰ—ਬਾਬਾ, ਖਬਰ ਬਿਲਕੁਲ ਦਰੁੱਸਤ ਏ, ਰੁਲਦੂ ਦੀ ਹੱਟੀ ਤੇ ਮੈਂ ਖੁਦ ਅਖ਼ਬਾਰ ਪੜ੍ਹ ਕੇ ਆਇਆਂ, ਰਾਤ ਰੇਡੀਓ ਵਿਚ ਬੋਲੇ ਨੇ ਸਾਡੇ ਲੀਡਰ।

ਨੂਰਾ—ਅੱਛਾ ਬਣ ਗਿਆ ਪਾਕਿਸਤਾਨ, ਪਾਕਿਸਤਾਨ ਜ਼ਿੰਦਾਬਾਦ!

ਖੁਸ਼ੀ ਖੁਸ਼ੀ ਜਾਂਦਾ ਹੈ।

ਈਸਰ—ਇਹਨੂੰ ਕੀ ਹੋਇਆ ਬੈਠੇ ਬਠਾਏ ਨੂੰ।

ਸ਼ਾਹ—ਇਨ੍ਹਾਂ ਨੂੰ ਤੇ ਖ਼ੁਸ਼ੀਆਂ ਚੜ੍ਹ ਗਈਆਂ।

ਬਾਬਾ—ਈਸਰਾ, ਹੁਣ ਸ਼ਹਿਰੀਆ ਹੈ ਕਿਥੇ? ਪੁੱਛੀਏ ਉਸ ਨੂੰ ਸਾਰੀ ਗਲ।

ਈਸਰ—ਪਿੰਡ ਦੇ ਲੋਕੀ ਘੇਰੀ ਖੜੇ ਸਨ। ਇਹ ਸ਼ਹਿਰੀਆ ਵੀ ਐਨ ਸ਼ੈਤਾਨ ਦੀ ਟੂਟੀ ਏ। ਕੁਝ ਸਮਝ ਨਹੀਂ ਆਉਂਦੀ ਕੌਣ ਜ਼ਾਤ ਦਾ ਏ।



ਬਾਬਾ—ਮੈਂ ਤਾਂ ਆਂਦਾ ਕੁਰਾਨੀ ਏ, ਅੰਗਰੇਜ਼ਾਂ ਦੇ ਹਕ ਦੀਆਂ ਜੋ ਗੱਲਾਂ ਕਰਦਾ ਰਹਿੰਦਾ।

ਸ਼ਾਹ—ਬੜਾ ਭਾਰੀ ਖਤਰਾ ਏ ਸਾਡੇ ਪਿੰਡਾਂ ਨੂੰ ਫੇਰ ਤੇ।

ਈਸਰ—ਸ਼ਾਹ ਨੂੰ ਤੇ ਡਰ ਪੈ ਗਿਆ ਏ ਹੁਣੇ।

ਬਾਬਾ—ਕੋਈ ਡਰ ਨਹੀਂ ਭੋਲੇਸ਼ਾਹ, ਸਾਰੇ ਜਹਾਨ ਦੇ ਨਾਲ ਈ ਆਂ।

ਇਕ ਬੂਟਡ ਸੂਟਡ ਸਾਹਬ, ਹਥ ਵਿੱਚ ਹੈਟ, ਕੁਰਸੀ, ਨਵੀਂ ਸੋਟੀ, ਥਰਮਸ ਬੋਤਲ ਲਈ ਆਉਂਦਾ ਹੈ।

ਸਾਰੇ—ਸਲਾਮ ਸਾਹਬ, ਸਲਾਮ।

ਸ਼ਹਿਰੀਆ—(ਟੋਪ ਲਾਹ ਕੇ ਇਸ਼ਾਰਾ ਕਰਕੇ) ਸਲਾਮ!

ਬਾਬਾ—ਸਾਹਬ, ਇਹ ਕੀ ਬੰਬ ਵਰ੍ਹਾ ਦਿੱਤਾ ਏ ਤੁਸਾਂ ਸੁਖੀ ਵਸਦੇ ਪਿੰਡ ਦੇ ਲੋਕਾਂ ਉੱਤੇ।

ਸ਼ਹਿਰੀਆ—ਇਹ ਸਭ ਕੁਝ ਤੁਹਾਡੇ ਲੀਡਰਾਂ ਨੇ ਕੀਤਾ ਏ। ਉਨ੍ਹਾਂ ਨੇ ਰਲ ਮਿਲ ਕੇ ਮੰਨਿਆ ਏ ਪਾਕਿਸਤਾਨ ਨੂੰ।

ਬਾਬਾ—ਮੈਂ ਤਾਂ ਆਹਨਾ ਇਹਦੇ ਵਿਚ ਫਰੰਗੀ ਦੀ ਕੋਈ ਡੂੰਘੀ ਚਾਲ ਏ।

ਈਸਰ—ਇਹ ਤਾਂ ਸਾਫ ਈ ਦਿਸਦਾ ਪਿਆ ਏ।

ਸ਼ਹਿਰੀਆ—ਅੰਗ੍ਰੇਜ਼ ਲੋਕਾਂ ਦਾ ਇਸ ਵਿਚ ਕੋਈ ਕਸੂਰ ਨਹੀਂ। ਉਹ ਤਾਂ ਹਿੰਦੁਸਤਾਨ ਦੀ ਬੇਹਤਰੀ ਚਾਹੁੰਦੇ ਨੇ।

ਬਾਬਾ—ਮੁਲਕ ਦੀਆਂ ਵੰਡੀਆਂ ਪਾ ਕੇ ਬੜੀ ਸੋਹਣੀ ਬੇਹਤਰੀ ਕਰਨ ਲੱਗੇ ਨੇ।

ਈਸਰ—ਰਾਵਲਪੰਡੀ ਵਾਂਗ ਕਰਨ ਲਗੇ ਨੇ, ਇਥੇ ਵੀ ਇਨ੍ਹਾਂ ਫਸਾਦ ਕਰਵਾਣੇ ਨੇ।

ਸ਼ਾਹ—ਸਾਡਾ ਕੀ ਬਣੂ ਫੇਰ ?

ਈਸਰ—ਬਾਬੂ ਸਾਹਬ, ਹੁਣ ਤੇ ਫਰੰਗੀ ਚਲੇ ਚੱਲੇ ਜੇ, ਹੁਣ ਤਾਂ ਲੋਕਾਂ ਦੇ ਹਕ ਦੀ ਕੋਈ ਗਲ ਕਰੋ।

ਸ਼ਹਿਰੀਆ—ਮੈਂ ਹਿੰਦੁਸਤਾਨੀ ਹਾਂ, ਹਮੇਸ਼ਾ ਹਿੰਦੁਸਤਾਨ ਦੇ ਲੋਕਾਂ ਦੇ ਹਕ ਦੀ ਗਲ ਕਰਦਾ ਹਾਂ।

ਈਸਰ—ਹੁਣ ਤੇ ਉਂਝ ਵੀ ਕਰਨੀ ਪੈਣੀ ਏਂ, ਵਸਣਾ ਜੁ ਸਾਡੇ ਵਿਚ ਏ।

ਸ਼ਾਹ—ਬਾਬੂ ਸਾਹਿਬ, ਮੈਂ ਪੁਛਿਆ ਪਈ ਸਾਡਾ ਪਿੰਡ ਕਿਸ ਪਾਸੇ ਜਾਵੇਗਾ ?

ਸ਼ਹਿਰੀਆ—ਇਹ ਤੇ ਬਊਂਡਰੀ ਕਮਿਸ਼ਨ ਤੇ ਮੁਨਹੱਸਰ ਏ।

ਪਹਿਲਾ ਮੁੰਡਾ—ਉਹ ਕੀ ਬਲਾ ਹੁੰਦੀ ਏ ?



ਸ਼ਹਿਰੀਆ—ਹਦਬੰਦੀ ਨੀਅਤ ਕਰਨ ਵਾਲੀ ਪੰਚੈਤ।

ਬਾਬਾ—ਪਰ ਤੁਹਾਡਾ ਕੀ ਖਿਆਲ ਏ ਸਾਡਾ ਪਿੰਡ ਕਿਸ ਪਾਸੇ ਜਾਵੇਗਾ ?

ਸ਼ਹਿਰੀਆ—ਰਸਤੇ ਵਿਚ ਮੈਨੂੰ ਖੁਸ਼ੀ ਮੁਹੰਮਦ ਜ਼ੈਲਦਾਰ ਮਿਲਿਆ ਸੀ, ਉਹ ਤੇ ਕਹਿੰਦਾ ਸੀ, ਪਾਕਿਸਤਾਨ ਦੀ ਹੱਦ ਸਤਲੁਜ ਦਰਿਆ ਹੋਵੇਗੀ।

ਇਕ ਸਰਦਾਰ—ਸਾਡੇ ਜਥੇਦਾਰ ਕਹਿੰਦੇ ਨੇ ਹਦ ਰਾਵੀ ਤੋਂ ਪਾਰ ਹੋਵੇਗੀ ਅਤੇ ਨਨਕਾਣਾ ਸਾਹਿਬ ਵਿੱਚ ਆਵੇਗਾ।

ਇਕ ਹਿੰਦੂ—ਤੇ ਹਿੰਦੂ ਸਭਾ ਦੇ ਲੀਡਰ ਕਹਿੰਦੇ ਨੇ ਹਦ ਝਨਾ ਪਾਰ ਹੋਵੇਗੀ। ਕਟਾਸ ਰਾਜ ਇਧਰ ਆਵੇਗਾ।

ਸ਼ਹਿਰੀਆ—ਸਭ ਕਿਆਸ ਅਰਾਈਆਂ ਹੈਨ। ਪਾਕਿਸਤਾਨ ਦੀ ਹੱਦ ਗਾਲਬਿਨ ਤੁਹਾਡੇ ਪਿੰਡਾਂ ਦੇ ਲਾਗੇ ਚਾਗੇ ਹੋਵੇਗੀ।

ਸ਼ਾਹ—ਹੈਂ ! ਇਨ੍ਹਾਂ ਪਿੰਡਾਂ ਦੇ ਲਾਗੇ ਚਾਗੇ !!

ਈਸਰ—ਸਾਹਬ ਦੀ ਗੱਲ ਗਲਤ ਨਹੀਂ ਹੋ ਸਕਦੀ, ਇਹ ਫਰੰਗੀਆਂ ਦਾ ਪੂਰਾ ਭੇਤੀ ਐ।

ਬਾਬਾ—ਫੇਰ ਸਾਨੂੰ ਬੋਰੀਆ ਬਿਸਤਰਾ ਗੋਲ ਕਰਨਾ ਪਵੇਗਾ ?

ਸ਼ਹਿਰੀਆ—ਉਹ ਤੇ ਲਾਜ਼ਮੀ ਏ, ਸਰਹਦ ਉਤੇ ਰਹਿਣਾਂ ਬਹੁਤ

ਮੁਸ਼ਕਲ ਏ।

ਸ਼ਾਹ—ਕੀ ਸਾਨੂੰ ਵੱਡ ਵਡੇਰਿਆਂ ਦੀਆਂ ਜਾਇਦਾਤਾਂ ਤੇ ਘਰ ਬਾਰ ਛੱਡ ਕੇ ਨਸਣਾ ਪਵੇਗਾ।

ਸ਼ਹਿਰੀਆ—ਮਲੂਮ ਤਾਂ ਇਹੋ ਹੁੰਦਾ ਹੈ ਕਿ ਥਾਂ ਟਿਕਾਣੇ ਛਡਣੇ ਪੈਣਗੇ, ਅਗੇ ਹਾਲਾਤ ਤੇ ਮੁਨਹੱਸਰ ਹੈ।

ਬਾਬਾ—ਰਾਜ ਬਦਲਦੇ ਰਹੇ ਨੇ, ਪਰ ਅਜਿਹੀ ਗਲ ਅਗੇ ਕਦੇ ਨਹੀਂ ਡਿੱਠੀ ਸੁਣੀ।

ਸ਼ਾਹ—ਫੇਰ ਬਾਬੂ ਸਾਹਬ ਸਾਨੂੰ ਕੁਝ ਦਸ ਜਾਓ ਨਾ ਪਈ ਕੀ ਕੁਝ ਕਰੀਏ।

ਸ਼ਹਿਰੀਆ—ਮੈਂ ਤਾਂ ਇਹੋ ਸਲਾਹ ਦਿਆਂਗਾ ਪਈ ਤਿਆਰ ਬਰ ਤਿਆਰ ਰਹੋ। ਮੁਸਲਮਾਨ ਬੜੀ ਭਾਰੀ ਤਿਆਰੀ ਕਰ ਰਹੇ ਨੇ ਅੰਦਰੋਂ ਅੰਦਰੀ। ਉਹਨਾਂ ਦੇ ਲੀਡਰਾਂ ਨੂੰ ਸਭ ਕੁਝ ਪਤਾ ਲਗ ਚੁੱਕਾ ਹੈ, ਪਈ ਹਦ ਕਿਥੇ ਕੁ ਹੋਣੀ ਏ। ਉਹਨਾਂ ਨੇ ਬੇਹਦ ਅਸਲਾ ਕੱਠਾ ਕਰ ਲਿਆ ਏ। ਉਨ੍ਹਾਂ ਨੂੰ ਸਰਕਾਰ ਵਲੋਂ ਸ਼ਹਿ ਮਿਲੀ ਹੋਈ ਏ। ਮੁਸਲਮ ਲੀਗ ਦੇ ਲੀਡਰ ਅੰਦਰੋਂ ਅੰਗਰੇਜ਼ਾਂ ਨਾਲ ਮਿਲੇ ਹੋਏ ਨੇ। ਤੁਸੀਂ ਵੀ ਹਥਿਆਰ ਕੱਠੇ ਕਰੋ, ਨਹੀਂ ਤਾਂ ਜਾਨ ਮਾਲ ਦੀ ਖ਼ੈਰ ਨਹੀਂ ਜੇ। ਫੇਰ ਨ



ਆਖਿਓ ਪਹਿਲੋਂ ਅਗਾਹ ਨਹੀਂ ਕੀਤਾ। ਅਜੇ ਵੇਲਾ ਏ ਸੰਭਲ ਜਾਓ।

ਬਾਬਾ—ਸਦੀਆਂ ਤੋਂ ਗਵਾਂਢ ਵਸਦੇ ਭਰਾਵਾਂ ਨੂੰ ਮਾਰਨ ਲਈ ਕੱਠ ਕਰੀਏ ?

ਸ਼ਹਿਰੀਆ—ਜਾਂ ਉਹ ਸਾਡੀਆਂ ਬਹੂ ਬੇਟੀਆਂ ਦੀ ਬੇ-ਇਜ਼ਤੀ ਕਰਨਗੇ ਤਾਂ ਕੀ ਤੁਸੀਂ ਚੂੜੀਆਂ ਪਹਿਨ ਰਖੋਗੇ। ਆਪਣੇ ਭਰਾਵਾਂ ਦਾ ਬਦਲਾ ਨਾ ਲਉਗੇ ? ਅੰਦਰ ਵੜ ਕੇ ਬੈਠ ਜਾਉਗੇ ?

ਈਸਰ—ਜੇ ਸਰਕਾਰ ਦੀ ਨੀਤ ਭੈੜੀ ਏ, ਫੇਰ ਤਾਂ ਬਾਬਾ ਜੀ ਰੋਕ ਥਾਮ ਲਈ ਜ਼ਰੂਰ ਕੋਈ ਚਾਰਾ ਕਰਨਾ ਪਊ।

ਸ਼ਹਿਰੀਆ—ਇਹ ਮੁੰਡਾ ਬੜਾ ਸਿਆਣਾ ਏ, ਝਟ ਸਮਝ ਗਿਆ ਏ ਸਾਰੀ ਗਲ।

ਬਾਬਾ—ਮੈਨੂੰ ਤੇ ਸਾਫ ਦਿਸਦਾ ਪਿਆ ਏ ਪਈ ਇਸ ਵਿਚ ਫਰੰਗੀ ਦੀ ਕੋਈ ਡੂੰਘੀ ਚਾਲ ਏ। ਕਿਤੇ ਹਿੰਦੂ ਮੁਸਲਮਾਨਾਂ ਨੂੰ ਲੜਾ ਭੜਾ ਕੇ ਫੇਰ ਤੇ ਨਹੀਂ ਆਪਣਾ ਕਬਜ਼ਾ ਜਮਾਈ ਰਖਣਾ ਚਾਹੁੰਦਾ ?

ਈਸਰ—ਇਹ ਤੇ ਬਾਬਾ ਸਾਫ ਦਿਸਦਾ ਪਿਆ। ਓਦਨ ਉਹ

ਸੋਸ਼ਲਿਸਟ ਨਹੀਂ ਸੀ ਕਹਿੰਦਾ ਕਿ ਇਹ ਅਗੇ ਵੀ ਆਇਰ-ਲੈਂਡ ਦੇ ਦੋ ਟੁਕੜੇ ਕਰਕੇ ਨਿਕਲੇ ਸਨ।

ਪੇਂਡੂ—ਇਹਦਾ ਉਨ੍ਹਾਂ ਨੂੰ ਕੀ ਫਾਇਦਾ ਏ?

ਈਸਰ—ਬਾਂਦਰ ਵਾਲੀ ਪਾਲਸੀ ਏ। ਦੋਹਾਂ ਧਿਰਾਂ ਨੂੰ ਲੜਾਈ ਰਖਣਾ, ਆਪਣੀ ਚੌਧਰ ਕਾਇਮ ਰਖਣੀ। ਜਿੰਦਾ ਚੌਧਰੀ ਦਾ ਸਾਡੇ ਪਿੰਡ ਵਿੱਚ ਕਿੱਤਾ ਏ।

ਸ਼ਹਿਰੀਆ—ਇਹ ਗਲ ਹਰਗਿਜ਼ ਨਹੀਂ।

ਈਸਰ—ਫੇਰ ਹੋਰ ਕੀ ਮਤਲਬ ਏ?

ਸ਼ਹਿਰੀਆ—ਬਰਤਾਨੀਆਂ ਦੀ ਲੇਬਰ ਸਰਕਾਰ ਬਹੁਤ ਖੁਲ੍ਹ ਦਿੱਲੀ ਏ।

ਈਸਰ—ਨੌਂ ਅਬਾਦੀਆਂ ਦੇ ਮਾਮਲੇ ਵਿਚ ਸਭ ਇਕੋ ਜੇ।

ਸ਼ਹਿਰੀਆ—ਜਦੋਂ ਸਾਡਾ ਆਪੋ ਵਿਚ ਵਛ ਨਹੀਂ ਮਿਲਦਾ ਤਾਂ ਅੰਗਰੇਜ਼ ਲੋਕ ਵੀ ਕੀ ਕਰਨ।

ਸ਼ਾਹ—ਮੈਂ ਤਾਂ ਕਹਿੰਦਾ ਇਹਦੇ ਵਿਚ ਸਾਡੇ ਲੀਡਰਾਂ ਦਾ ਵੀ ਕਸੂਰ ਏ। ਉਨ੍ਹਾਂ ਕਿਉਂ ਮੰਨਿਆ ਪਾਕਿਸਤਾਨ।

ਈਸਰ—ਹੋਰ ਕਰਦੇ ਵੀ ਕੀ। ਜਿਨਾਹ ਸਾਹਬ ਤਾਂ ਖੁਰਲੀ ਵਿਚ ਬੈਠੇ ਕੁਤੇ ਵਾਂਗ ਦੜਿਆ ਹੋਇਆ ਸੀ, ਨ ਖਾਣਾ ਤੇ ਨ ਖਾਣ ਦੇਣਾ।



ਬਾਬਾ—ਮੈਂ ਤੇ ਸੁਣਿਆਂ ਜਿਨਾਹ ਕਹਿੰਦਾ ਏ ਪਾਕਸਤਾਨ ਲੈ ਕੇ ਰਹਿਣਾ ਏਂ, ਅੰਗਰੇਜ਼ਾਂ ਕਿਹਾ ਉਹ ਤਾਂ ਬੜਾ ਛੋਟਾ ਬਣੇਗਾ। ਉਹ ਕਹਿਣ ਲੱਗਾ ਭਾਵੇਂ ਮੇਰੀ ਟੋਪੀ ਜਿੰਨਾ ਬਣੇ ਪਾਕ-ਸਤਾਨ ਜ਼ਰੂਰ ਬਣਾਉਣਾ।

ਈਸਰ—ਬਾਬਾ, ਉਹ ਫਰੰਗੀਆਂ ਦੀ ਸ਼ਹਿ ਤੇ ਬੋਲਦਾ ਸੀ।

ਇਕ ਅਧਖੜ ਬੰਦਾ, ਜਿਸਨੇ ਸਾਈਕਲ ਦੇ ਅੱਗੇ ਪਿੱਛੇ ਦੋ ਤਿੰਨ ਦੁਧ ਦੇ ਢੋਲ ਬੰਨ੍ਹੇ ਹੋਏ ਨੇ ਹਫਿਆ ਹੋਇਆ ਆਉਂਦਾ ਹੈ ਅਤੇ ਰੌਲਾ ਪੌਣ ਲਗ ਜਾਂਦਾ ਹੈ।

ਦੋਧੀ—ਗਜ਼ਬ ਹੋ ਗਿਆ ਲੋਕੋ! ਤੁਸੀ ਸੁਤੇ ਪਏ ਜੇ।

ਸਾਰੇ—(ਹੈਰਾਨੀ ਨਾਲ) ਓਇ ਕੀ ਹੋ ਇਐ?

ਦੋਧੀ—ਸ਼ਹਿਰ ਹਿੰਦੂ ਮੁਸਲਮ ਫ਼ਸਾਦ ਹੋ ਗਿਆ ਏ! ਅੱਗਾਂ ਲਗ ਗਈਆਂ ਤੇ ਸੈਂਕੜੇ ਹਜ਼ਾਰਾਂ ਬੰਦੇ ਮਾਰੇ ਗਏ।

ਹਰੀਆ—ਬਸ ਹੋਈ ਨਾ ਮੇਰੀ ਗਲ ਸੱਚੀ। ਸੁਣ ਲਓ ਕੰਨ ਖੋਲ੍ਹ ਕੇ।

ਈਸਰ—(ਇਤਬਾਰ ਨ ਕਰਦਾ ਹੋਇਆ) ਓਇ ਤੂੰ ਅੱਖੀਂ ਵੇਖਿਆ?

ਦੋਧੀ—ਮੈਂ ਆਂਹਨਾ ਇਨ੍ਹਾਂ ਦੀਦਿਆਂ ਨਾਲ ਵੇਖਿਆ, ਲੋਕੀਂ ਵਾਹੋ ਦਾਹੀ ਭੱਜੀ ਆਉਂਦੇ ਸਨ, ਮੈਂ ਤਾਂ ਛੇਹਰਟੇ ਸਾਹਬ ਦੁਧ

ਦੇ ਕੇ ਨਸਣ ਦੀ ਕੀਤੀ।

ਈਸਰ—ਅੱਖੀਂ ਕਿਵੇਂ ਵੇਖਿਆ, ਤੂੰ ਤੇ ਉਰੇ ਤੋਂ ਈ ਭਜ ਆਇਆ ਏਂ ?

ਦੋਧੀ--ਮੈਂ ਆਹਨਾਂ ਛਿਹਾਏ ਸਾਹਬ ਲੋਕਾਂ ਨੇ ਜੰਦਰੇ ਮਾਰ ਲਏ ਫਟਾ ਫਟ।

ਬਾਬਾ--ਹੋਰ ਕੀ ਸੁਣਿਐ ?

ਦੋਧੀ--ਖਬਾਰ ਪੜ੍ਹਦੇ ਸਨ ਬਾਬੂ, ਕਹਿੰਦੇ ਸਨ ਲਾਹੌਰ ਵਿਚ ਵੀ ਝਗੜਾ ਸ਼ੁਰੂ ਹੋ ਗਿਆ ਜੇ।

ਬਾਬਾ—ਚੰਗੀ ਅਜ਼ਾਦੀ ਮਿਲਣ ਲਗੀ ਜੇ।

ਸ਼ਾਹ—ਅਸੀਂ ਤਾਂ ਵਿਚਾਲੇ ਫਸੇ ਫੇਰ !

ਈਸਰ—ਕੋਈ ਗੱਲ ਨਹੀਂ ਭੋਲੇ ਸ਼ਾਹ, ਜਹਾਨ ਦੇ ਨਾਲ ਈ ਆਂ।

ਬਾਬਾ--ਤੁਸੀਂ ਪਿੰਡ ਦੇ ਹਿੰਦੂ ਮੁਸਲਮਾਨਾਂ ਵਿਚ ਤਫਾਕ ਰਖੋ ਬਾਹਰ ਦਾ ਸਾਨੂੰ ਕੋਈ ਭੈ ਨਹੀਂ।

ਸ਼ਹਿਰੀਆ—ਲਖ ਰੁਪਏ ਦੀ ਗਲ ਆਖੀ ਜੇ ਬਾਬੇ ਨੇ। ਮੈਂ ਮੁਸਲਮਾਨਾਂ ਨੂੰ ਸਮਝਾਉਂਦਾ ਜਾ ਕੇ।

ਬਾਬਾ—ਬੜਾ ਨੇਕ ਕੰਮ ਏ, ਦੇਹ ਉਨ੍ਹਾਂ ਨੂੰ ਕੋਈ ਸਿਖ ਮਤ।

ਸ਼ਾਹ—ਸਹਿਜ ਨਾਲ ਬੈਠ ਕੇ ਸਮਝਾਈਂ, ਭੜਕਾਈਂ ਨਾ ਸਗੋਂ।



ਈਸਰ—ਓਇ ਕਰਮੂ, ਪਹਿਲ ਕਿਸ ਵਲੋਂ ਹੋਈ ਏ—ਹਿੰਦੂਆਂ ਵਲੋਂ ਕਿ ਮੁਸਲਮਾਨਾਂ ਵਲੋਂ ?

ਦੋਧੀ--ਭਾਊ ਇਹ ਮੈਨੂੰ ਕੀ ਖ਼ਬਰ ਏ ?

ਈਸਰ—ਇਹ ਦਸ ਬਹੁਤੇ ਹਿੰਦੂ ਸਿਖ ਮੋਏ ਨੇ ਕਿ ਮੁਸਲਮਾਨ ?

ਦੋਧੀ—ਏਨਾ ਪਤਾ ਲੱਗਾ ਸੀ, ਵਡਾ ਹਸਤਾਲ ਭਰ ਗਿਆ ਲਾਸ਼ਾਂ ਨਾਲ।

ਸ਼ਾਹ—ਰਾਮ ! ਰਾਮ !!

ਦੋ ਚਾਰ ਪਿੰਡ ਦੇ ਬੰਦੇ ਛੇਤੀ ਛੇਤੀ ਆਉਂਦੇ ਹਨ।

ਪਹਿਲਾ ਬੰਦਾ—ਸੁਣਿਐ ਪਾਕਿਸਤਾਨ ਬਣ ਗਿਆ ਏ ?

ਈਸਰ—ਇਹ ਤੋਂ ਵੀ ਅੱਗੇ ਕੁਝ ਹੋਰ ਗਿਆ ਏ।

ਦੂਜਾ ਬੰਦਾ—ਮੈਂ ਸੁਣਿਆ ਸ਼ਹਿਰ ਕੋਈ ਦੰਗਾ ਫ਼ਸਾਦ ਹੋਇਐ ?

ਬਾਬਾ--ਤੂੰ ਕਿਸ ਤੋਂ ਸੁਣਿਆ ਏ ?

ਦੂਜਾ ਬੰਦਾ—ਸ਼ਫ਼ੀ ਰੌਲਾ ਪੌਂਦਾ ਜਾਂਦਾ ਸੀ।

ਈਸਰ—ਫੇਰ ਕਰਮੂ ਦੀ ਗਲ ਝੂਠ ਨਹੀਂ ਜੇ।

ਕਰਮੂ—ਭਾਊ, ਮੈਂ ਝੂਠ ਮਾਰ ਕੇ ਕੀ ਲੈਣਾ ਏ।

ਪਹਿਲਾ ਬੰਦਾ—ਸਾਡੇ ਵੀ ਪੱਲੇ ਪਾਓ ਨਾ ਕੀ ਹੋਇਆ ਏ ?

ਈਸਰ—ਹਿੰਦੂ ਮੁਸਲਮ ਫ਼ਸਾਦ ਸ਼ੁਰੂ ਹੋ ਗਏ ਨੇ ਅੰਮ੍ਰਿਤਸਰ ਤੇ

ਲਾਹੌਰ ਵਿਚ।

ਪਹਿਲਾ ਬੰਦਾ—ਹੈਂ ! ਸਚ ਮੁਚ !!

ਦੂਜਾ—ਫੇਰ ਸਾਡਾ ਕੀ ਬਣੂ ? ਕਿਧਰ ਜਾਵੇਗਾ ਪਿੰਡ ਸਾਡਾ ?

ਬਾਬਾ—ਦੇਸ ਦੀ ਭੈੜੀ ਕਿਸਮਤ ਹੋਰ ਕੀ ਬਣਨਾ ਏ ਸਾਡਾ।

ਪਿੰਡ ਦੇ ਦੂਜੇ ਪਾਸੇ 'ਅੱਲਾ ਹੂ ਅਕਬਰ' ਦੇ ਨਾਹਰ ਵਜਦੇ ਸੁਣਾਈ ਦਿੰਦੇ ਹਨ। ਲੋਕੀ ਹੈਰਾਨ ਹੋ ਜਾਂਦੇ ਹਨ।

ਬਾਬਾ—ਓਏ ਮੁੰਡਿਓ, ਇਹ ਕੀ ਲੱਗਾ ਜੇ ਬਣਨ ਪਿੰਡ ਵਿਚ । ਅਸੀਂ ਅੱਗ ਨਹੀਂ ਲਗਣ ਦੇਣੀ ?

ਈਸਰ—ਮੈਂ ਤਾਂ ਆਂਹਦਾ ਸ਼ਹਿਰੀਏ ਨੇ ਭੜਕਾਇਆ ਏ ਜਾ ਕੇ।

ਇਕ ਆਦਮੀ ਦੌੜਾ ਦੌੜਿਆ ਆਉਂਦਾ ਹੈ।

ਸ਼ਾਹ—ਓਏ ਕੀ ਹੋਇਐ ?

ਪੇਂਡੂ—ਤੱਕੀਏ ਵਿਚ ਪਿੰਡ ਦੇ ਸਾਰੇ ਮੁਸਲਮਾਨ ਕੱਠੇ ਹੋ ਗਏ ਨੇ। ਲਾਂਬ ਚਾਂਬ ਤੋਂ ਵੀ ਆ ਰਹੇ ਨੇ । ਸਕੂਲ ਦਾ ਮੌਲਵੀ ਲੈਕਚਰ ਕਰ ਰਿਹਾ ਏ।

ਈਸਰ—ਸ਼ਹਿਰੀਆ ਨਹੀਂ ਦੇਖਿਆ ਕਿਤੇ ?

ਪੇਂਡੂ—ਉਹ ਵੀ ਪੰਜਾਂ ਦਸਾਂ ਬੰਦਿਆਂ ਨੂੰ ਕੁਝ ਸਿਖਾਉਂਦਾ ਸੀ ਪਿਆ।



ਬਾਬਾ—ਤੂੰ ਕੋਈ ਗਲ ਸੁਣੀ ਵੀ ਏ ਕਿ ਐਵੇਂ ?

ਪੇਂਡੂ—ਕੰਨ ਲਾ ਕੇ ਪਲ ਭਰ ਸੁਣਦਾ ਰਿਹਾਂ।

ਬਾਬਾ—ਕੀ ਕਹਿੰਦਾ ਸੀ ਸਕੂਲ ਦਾ ਮੁਨਸ਼ੀ।

ਪੇਂਡੂ—ਆਂਹਦਾ ਸੀ, ਲੜਾਈ ਝਗੜੇ ਵਿਚ ਜਿਹੜਾ ਪਹਿਲ ਕਰਦਾ ਏ ਓਹੋ ਜਿਤਦਾ ਏ। ਉਹ ਵਢ ਟੁਕ ਕਰਨ ਲਈ ਤਿਆਰ ਬੈਠੇ ਨੇ।

ਬਾਬਾ—ਦੇਖੋ ਕੋਈ ਗਲ ਨਾ ਬਾਤ !

ਪੇਂਡੂ—ਆਖੇ ਤੁਸੀਂ ਪਹਿਲਾਂ ਹੱਲਾ ਸ਼ੁਰੂ ਕਰ ਕੇ ਉਨ੍ਹਾਂ ਨੂੰ ਪਿੰਡੋਂ ਕਢ ਦਿਓ ਨਹੀਂ ਤਾਂ ਸਾਡੀਆਂ ਬਹੂ ਬੇਟੀਆਂ ਦੀ ਇਜ਼ਤ ਖ਼ਤਰੇ ਵਿਚ ਪੈ ਜਾਵੇਗੀ।

ਨਾਹਰੇ ਹੋਰ ਉਚੀ ਤੇ ਤੇਜ਼ ਸੁਣਾਈ ਦਿੰਦੇ ਹਨ। ਇਧਰ ਵੀ ਚੋਖੇ ਬੰਦੇ ਇਕੱਠੇ ਹੋ ਜਾਂਦੇ ਹਨ। ਭੜਕੇ ਹੋਏ ਨੌਜਵਾਨ 'ਬੋਲੇ ਸੋ ਨਿਹਾਲ' ਅਤੇ 'ਹਰ ਹਰ ਮਹਾਂ ਦੇਵ' ਦੇ ਜੈਕਾਰੇ ਛਡਣ ਲਗ ਜਾਂਦੇ ਹਨ। ਇਸ ਤਰ੍ਹਾਂ ਜਿਦੋ ਜਿਦੀ ਨਾਹਰੇ ਵਜਦੇ ਹਨ।

ਸ਼ਹਿਰੀਆ—(ਦੌੜਦਾ ਹੋਇਆ ਆ ਕੇ) ਲੋਕੋ ਆਪਣਾ ਬਚਾ ਕਰ ਲਿਓ ਜੇ, ਮੁਸਲਮਾਨ ਤੁਹਾਡੇ ਤੇ ਹੱਲਾ ਕਰਨ ਆ ਰਹੇ ਨੇ। ਮੈਂ ਮਸਾਂ ਬਚਕੇ ਆਇਆ ਹਾਂ।

ਸਭ ਲੋਕੀ ਆਪੋ ਆਪਣੇ ਘਰਾਂ ਨੂੰ ਹਥਿਆਰ ਲੈਣ ਨਸ ਜਾਂਦੇ ਹਨ । ਬਾਬਾ, ਸ਼ਾਹ, ਈਸਰ ਅਤੇ ਸ਼ਹਿਰੀ ਰਹਿ ਜਾਂਦੇ ਹਨ ।

ਬਾਬਾ–ਬਾਬੂ ਸਾਹਿਬ, ਤੁਸੀਂ ਉਨ੍ਹਾਂ ਨੂੰ ਸਮਝਾਇਆ ਨਹੀਂ ਸੀ ?

ਈਸਰ–ਸਮਝਾਇਆ ਸੀ ਕਿ ਉਲਟੀ ਪੱਟੀ ਪੜ੍ਹਾ ਦਿੱਤੀ ਏ ?

ਸ਼ਹਿਰੀਆ–(ਤ੍ਰਭਕ ਕੇ) ਵਾਹ ! ਇਹ ਕੀ ਗਲ ਆਖੀ । ਤੁਸੀਂ ਮੈਥੋਂ ਆਸ ਰਖ ਸਕਦੇ ਹੋ ਇਸ ਗਲ ਦੀ । ਮੇਰਾ ਤਾਂ ਦਿਲ ਅਜੇ ਤਕ ਧਕ ਧਕ ਕਰ ਰਿਹਾ ਏ । ਹਿਰਦਾ ਫਟਦਾ ਜਾਂਦਾ ਏ ਇਹ ਕੌਤਕ ਵੇਖ ਕੇ ।

ਸ਼ਾਹ–ਪਰ ਉਹ ਕਹਿੰਦੇ ਕੀ ਸਨ ?

ਸ਼ਹਿਰੀਆ–ਮੁੰਡੇ ਖੁੰਡੇ ਸਿਆਣਿਆਂ ਦੀ ਪੇਸ਼ ਨਹੀਂ ਜਾਣ ਦਿੰਦੇ। ਮਾੜਾ ਬੰਦਾ ਛੇਤੀ ਭੜਕਦਾ ਏ । ਉਹ ਗਿਣਤੀ ਵਿਚ ਥੋੜੇ ਨੇ ਇਸ ਕਰ ਕੇ ਵਧੇਰੇ ਘਬਰਾ ਗਏ ਨੇ ।

ਈਸਰ--ਕੀ ਹਥਿਆਰ ਏ ਉਨ੍ਹਾਂ ਕੋਲ ?

ਸ਼ਹਿਰੀਆ–ਉਹ ਤੇ ਬੰਦੂਕਾਂ ਤੇ ਬੰਬ ਲਈ ਫਿਰਦੇ ਨੇ। ਉਪਰੋਂ ਸਪਲਾਈ ਹੋਏ ਨੇ ਸ਼ਾਇਦ । ਤੁਸੀਂ ਵੀ ਝਟਾ ਪਟ ਤਿਆਰੀ ਕਰੋ।



ਦੂਜੇ ਪਾਸੇ ਨਾਹਰਿਆਂ ਨਾਲ ਢੋਲ ਦੀ ਆਵਾਜ਼ ਵੀ ਸੁਣਾਈ ਦੇਣ ਲਗ ਜਾਂਦੀ ਹੈ । ਇਧਰ ਵੀ ਸਾਰੇ ਪਿੰਡ ਦੇ ਹਿੰਦੂ ਸਿਖ ਮੁੰਡਾਸੇ ਬੰਨ੍ਹੀ ਕਿਰਪਾਨਾਂ, ਕਹੀਆਂ, ਡਾਂਗਾਂ, ਛਵ੍ਹੀਆਂ ਫੜੀ ਇਕੱਠੇ ਹੁੰਦੇ ਹਨ । ਇਕ ਜਟ ਢੋਲ ਵੀ ਲੈ ਆਉਂਦਾ ਹੈ । ਉਧਰ ਇਕ ਪਟਾਕਾ ਚਲਦਾ ਹੈ । ਲੋਕੀਂ ਹੋਰ ਜੋਸ਼ ਵਿੱਚ ਆ ਜਾਂਦੇ ਹਨ ।

ਸ਼ਹਿਰੀਆ– ਆ ਰਹੇ ਜੇ !

ਲੋਕੀ–ਚਲੋ ਵਧੋ ਅਗੇ !

ਸਭ–ਚਲੋ, ਚਲੋ !

ਲੋਕੀਂ ਨਾਅਰੇ ਮਾਰਦੇ ਬੜੇ ਜੋਸ਼ ਨਾਲ ਅਗੇ ਵਧਦੇ ਹਨ । ਬਾਬਾ, ਈਸਰ ਅਤੇ ਸ਼ਾਹ ਵੀ ਹੈਰਾਨ ਮਗਰ ਹੋ ਜਾਂਦੇ ਹਨ । ਹੁੱਲੜ, ਰੌਲਾ ਗੌਲਾ ਮਚ ਜਾਂਦਾ ਹੈ । ਰੱਜੀ ਦੋਹਾਂ ਮੁੰਡਿਆਂ ਨੂੰ ਲੈ ਕੇ ਪੌੜੀਆਂ ਉਤੇ ਖੜੀ ਦੇਖਦੀ ਹੈ । ਬਹੁਤ ਸਾਰੀਆਂ ਜ਼ਨਾਨੀਆਂ ਹੈਰਾਨ ਵਿਹੜੇ ਵਿਚ ਖੜੀਆਂ ਹਨ । ਪਰਦਾ ਡਿਗਣ ਸਮੇਂ ਪਿਛੋਂ ਬਹੁਤ ਸ਼ੋਰ ਸ਼ਰਾਬਾ ਸੁਣਾਈ ਦੇਣਾ ਚਾਹੀਦਾ ਹੈ ।

--o--

# ਦੂਜਾ ਨਾਟ

## ਫ਼ਰਵਰੀ ਸੰਨ ੧੯੫੧

*ਝਾਕੀ :* ਉਹੋ ਘਰ। ਵਿਹੜੇ ਵਿਚਲੇ ਦ੍ਰਖ਼ਤ ਦੇ ਪਤੇ ਝੜੇ ਹਏ ਹਨ। ਪਰਦਾਉਠਣ ਸਮੇਂ ਸਤਿਆ ਖੱਬੇ ਪਾਸੇ ਵਾਲੇ ਕੋਠੇ ਅਗੇ ਮੰਜੀ ਡਾਹ ਕੇ ਬੈਠੀ ਗੋਲੇ ਦੇ ਧਾਗੇ ਨਾਲ ਰੁਮਾਲ ਉਣ ਰਹੀ ਹੈ। ਜੈ ਕੌਰ ਝਾੜੂ ਦਿੰਦੀ ਹੈ ਅਤੇ ਜਾਣ ਬੁਝ ਕੇ ਉਸ ਵਲ ਮਿਟੀ ਉਡਾਉਂਦੀ ਹੈ।

ਸਤਿਆ--ਵੇਖ ਕੇ ਝਾੜੂ ਮਾਰ, ਮਿੱਟੀ ਔਂਦੀ ਏ ਇਧਰ।

ਜੈ ਕੌਰ–ਉਠ ਕੇ ਪਰ੍ਹੇ ਹੋ ਜਾ, ਟੰਗਾਂ ਟੁਟੀਆਂ ਹੋਈਆਂ।

ਸਤਿਆ--ਤੇਰੇ ਡੇਲੇ ਫੁਟੇ ਹੋਏ ਨੇ, ਦੀਹਦਾ ਨਹੀਂ।

ਜੈ ਕੌਰ–ਖੌਰੇ ਕੇਹੜੇ ਭੁੱਖੇ ਘਰ ਦੀ ਆ ਗਈ ਏ।

ਸਤਿਆ–ਤੈਨੂੰ ਵੀ ਮੈਂ ਜਾਣਦੀ ਆਂ, ਲਫਟੈਣ ਦੀ ਧੀ ਨੂੰ।

ਜੈ ਕੋਰ--ਨੀ ਮੇਰੇ ਨਾਲ ਗੱਲਾਂ ਕਰਨ ਜੋਗੀ ਹੋ ਤਾਂ ਲੈ, ਸਾਰੇ

ਪੋਲ ਖੋਲ੍ਹ ਕੇ ਰਖ ਦੇਊਂਗੀ।

ਸਤਿਆ--ਤੇ ਮੈਂ ਘਟ ਕਰੂੰ। ਸਾਰੀ ਦੁਨੀਆਂ ਜਾਣਦੀ ਏ, ਜੇਹੜੀ ਖੇਹ ਖਾਂਦੀ ਆਈਂ ਏਂ ਤੂੰ।

ਜੈ ਕੌਰ--ਜਹਾਨ ਦੀਏ ਜੂਠੇ, ਤੈਨੂੰ ਸਾਰੇ ਆਪਣੇ ਵਰਗੇ ਈ ਦਿਸਦੇ ਨੇ। ਹੋਖਾਂ ਵੱਡੀ ਸੁੱਚੀ, ਤਾਹੀਓਂ ਹੁਣ ਤਕ ਧਗੜੇ ਮਗਰ ਆਉਂਦੇ ਨੇ।

ਸਤਿਆ--ਹੁਣ ਲੱਗੀਆਂ ਨੇ ਮਿਰਚਾਂ, ਸੱਚ ਜੁ ਆਖ ਦਿੱਤਾ।

ਜੈ ਕੌਰ--ਜ਼ਬਾਨ ਧੂਹ ਲਊਂਗੀ ਜੇ ਬਹੁਤੀ ਚਬਰ ਚਬਰ ਕੀਤੀ ਏ ਤਾਂ।

ਸਤਿਆ--ਦੇਖ ਖਾਂ ਭਲਾ ਹੱਥ ਲਾ ਕੇ।

ਜੈ ਕੌਰ-- ਅੱਛਾ, ਐਨਾ ਜੁਆਨੀ ਦਾ ਜੋਰ ਚੜ੍ਹਿਆ ਹੋਇਐ ਤੈਨੂੰ। ਰਬ ਕਰੇ ਜੁਆਨੀਓਂ ਟੁੱਟੇਂ।

ਸਤਿਆ--ਪ੍ਰਮੇਸ਼ਰ ਕਰੇ ਤੂੰ ਸੁਤੀ ਸੌਂ ਜਾਏਂ, ਖਾਹ ਮਖਾਹ ਤੁਹਮਤਾਂ ਲਾਣ ਵਾਲੀ।

ਜੈ ਕੌਰ--ਰੱਬ ਤੈਨੂੰ ਲੰਮੇ ਹੱਥੀਂ ਲਏ।

ਸਤਿਆ--ਤੈਨੂੰ ਲਏ ਵਾਧੀ ਕਰਨ ਵਾਲੀ ਨੂੰ।

ਜੈ ਕੌਰ--ਤੈਨੂੰ ਹੀ ਲਏ!

ਸਤਿਆ--ਤੈਨੂੰ ਹੀ ਲਏ!



ਰੱਜੀ ਪਿੰਡ ਵਲੋਂ ਪੱਲੇ ਵਿਚ ਕੁਝ ਸੌਦਾ ਪੱਤਾ ਪਾਈ ਆਉਂਦੀ ਹੈ।

ਰੱਜੀ--ਨੀ ਇਹ ਕੀ ਛਿੰਜ ਪਾਈ ਹੋਈ ਐ! ਡਾਰੀਓ, ਜਹਾਨ ਨੂੰ ਤਮਾਸ਼ਾ ਦਿਖਾਉਣ ਲੱਗੀਆਂ ਓ। ਕੋਈ ਘੜੀ ਸੰਤੋਖ ਨਾਲ ਵੀ ਕਟਿਆ ਕਰੋ। ਕੀ ਤੁਹਾਨੂੰ ਚਰਜ ਆ ਗਿਐ।

ਜੈ ਕੌਰ--(ਰੋਂਦੀ ਹੋਈ) ਮਾਂ, ਮੈਨੂੰ ਉਹ ਉਹ ਬੋਲੀਆਂ ਮਾਰੀਆਂ ਧਰਤੀ ਨਿਘਰਦੀ ਜਾਂਦੀ ਏ।

ਰੱਜੀ--ਬਸ ਕਰ ਨੀ ਪਖੰਡਾਂ ਪਿਟੀਏ, ਮੈਂ ਜਾਣਦੀਆਂ ਸਭ ਤੇਰੇ ਚਲਿੱਤਰ।

ਸਤਿਆ-- ਮਾਂ, ਮੈਨੂੰ ਉਹ ਊਜਾਂ ਲਾਈਆਂ ਜੇਹੜੀਆਂ ਕਿਸੇ ਕਹੀਆਂ ਸੁਣੀਆਂ ਨਾ ਹੋਣ।

ਰੱਜੀ--ਚੁਪ ਕਰ ਨੀ ਛਲੇਡੀਏ, ਤੂੰ ਵੀ ਕਿਸੇ ਗਲੋਂ ਘਟ ਨਹੀਂ, ਛਛੂੰਦਰੇ ਜਹੀਏ।

ਜੈ ਕੌਰ--ਮਾਂ, ਇਹਦੀ ਜ਼ਬਾਨ ਕੈਂਚੀ ਵਾਂਗ ਚਲਦੀ ਏ।

ਸਤਿਆ--ਮਾਂ, ਇਹਦੀ ਉਸਤਰੇ ਵਾਂਗ ਚਲਦੀ ਏ।

ਰੱਜੀ--ਕਲਜੋਗਣੋ, ਜਿੱਦਣ ਦਾ ਤੁਸੀਂ ਵਿਹੜੇ 'ਚ ਪੈਰ ਪਾਇਆ ਏ ਉਦਣ ਦੀ ਸੁਆਹ ਉਡਦੀ ਏ। ਘਰ ਦੀ ਸਾਰੀ ਭਾਓ

ਭਗਤ ਜਾਂਦੀ ਰਹੀ ਏ । ਨਿਜ ਸਹੇੜਦੀ ਮੈਂ ਤੁਹਾਨੂੰ। ਤੁਹਾਡੇ ਨਿਤ ਦੇ ਕਲਿਸ਼ ਨੇ ਮਾਂ ਨੂੰ ਲੈ ਲਿਆ ਏ, ਮੈਨੂੰ ਲੈ ਲਓਗੀਆਂ ।

ਜੈ ਕੌਰ--ਗਲ ਤਾਂ ਸੁਣ ਲੈ ਪਹਿਲਾਂ ਮੇਰੀ ।

ਰੱਜੀ--(ਝੂਟ ਕੇ ਪੈਂਦੀ ਹੋਈ) ਸੁਣੀ ਹੋਈ ਏ ਤੇਰੀ ਗਲ ਬਹੁਤੀਆਂ ਗਲਾਂ ਵਾਲੀ । ਲੂਤੀਆਂ ਹਥੀਏ, ਤੇਰੀ ਬਹੁਤ ਜ਼ਬਾਨ ਖੁਲ੍ਹ ਗਈ ਏ । ਕਿਸੇ ਵਡ ਵਡੇਰੇ ਦਾ ਡਰ ਭਉ ਨਹੀਂ ਰਿਹਾ । ਬਾਪੂ ਸੁਣ ਲਏ ਤੁਹਾਡੇ ਕਾਰੇ ਤਾਂ ਕੀ ਆਖੇ ।

ਜੈ ਕੌਰ--ਤੂੰ ਵੀ ਤਾਂ ਐਵੇਂ ਉਬਲ ਪੈਨੀ ਏਂ ਸੁਣੇ ਸੁਣਾਏ ।

ਰੱਜੀ--(ਝਈ ਲੈ ਕੇ ਪੈਂਦੀ ਹੋਈ) ਹਾਏ ਹਾਏ ਨੀ ਤੇਰੇ ਜਿਸ ਕਿਸੇ ਨੂੰ ਪਿਟਿਆ, ਮੈਨੂੰ ਉਬਲਦਾ ਦਸਦੀ ਏਂ । ਕਾਰੇ ਹੱਥੀਏ, ਖਸਮ ਨੂੰ ਖੌਰੇ ਕੀ ਕੀ ਪੱਟੀਆਂ ਪੜ੍ਹਾਉਂਦੀ ਰਹਿੰਦੀ ਏ, ਹਰ ਵੇਲੇ ਆਫਰਿਆ ਫਿਰਦਾ ਰਹਿੰਦਾ ਏ ।

ਸਤਿਆ--ਮਾਂ, ਸਾਨੂੰ ਹਰ ਵੇਲੇ ਖਾਊਂ ਵੱਢੂੰ ਕਰਦੇ ਰਹਿੰਦੇ ਨੇ । ਵੇਖ ਨਹੀਂ ਸੁਖਾਂਦੇ ।

ਰੱਜੀ--ਖੌਰੇ ਕੀ ਭੂਤ ਸਵਾਰ ਹੋ ਗਿਆ ਏ ਇਨ੍ਹਾਂ ਸਿਰ। ਅਲੋਕਾਰ ਜੁਆਨੀ ਚੜ੍ਹੀ ਇਨ੍ਹਾਂ ਨੂੰ।



ਜੈ ਕੌਰ--ਤੂੰ ਹੀ ਸਿਰੇ ਚੜ੍ਹਾਇਆ ਹੋਇਐ ਇਨ੍ਹਾਂ ਨੂੰ (ਗੁਸੇ ਵਿਚ ਅੰਦਰ ਜਾਣ ਲਗਦੀ ਹੈ ।)

ਰੱਜੀ--ਟੰਗਾਂ ਭੰਨ ਕੇ ਰਖ ਦੇਂਊ, ਜੇ ਮੁੰਡੇ ਆਏ ਨੂੰ ਸਿਖਾਇਆ ਭੜਕਾਇਆ ਏ ਤਾਂ ।

ਜੈ ਕੌਰ--(ਫੇਰ ਆ ਕੇ) ਮੇਰੀ ਨੀ ਆਦਤ ਇਹੋ ਜਿਹੀ, ਏਨੇ ਹੀ ਤਪਾਉਣਾ ਏ ਘਰਕੜੇ ਨੂੰ ।

ਸਤਿਆ--ਦੇਖ ਲੈ ਮਾਂ ਹੁਣ ਕੌਣ ਵਾਧਾ ਕਰਦਾ ਏ ।

ਰੱਜੀ--ਮੂੰਹ ਸੰਭਾਲ ਨੀ, ਫਿਟੇ ਮੂੰਹ ਤੇਰਾ ਡਾਰੀਏ । (ਸਤਿਆ ਨੂੰ) ਤੂੰ ਵੀ ਸੁਣ ਲੈ ਨੀ ਅੰਮਛਨਿਛਣੀਏ ਕੰਨ ਖੋਲ੍ਹ ਕੇ । ਖਰੌੜੇ ਭੰਨ ਕੇ ਰਖ ਦੇਊਂ , ਜੇ ਖਸਮ ਅਗੇ ਲੂਤੀ ਲਾਈ ਏ ਤਾਂ। ਅੰਦਰੋਂ ਟੋਕਰਾ ਚੁਕ ਕੇ ਚਲ ਵਾੜੇ ਨੂੰ, ਮੈਂ ਵੀ ਆਈ ਤੇਰੇ ਮਗਰ (ਜੈ ਕੌਰ ਨੂੰ) ਨੀ ਵੱਢੀਏ, ਅੰਦਰੋਂ ਘੜਾ ਚੁਕ ਲਿਆ ਤੇ ਆਹ ਦਾਲ ਪਾ ਲੈ ਇਹਦੇ ਵਿਚ । ਅਜ ਸ਼ਾਮ ਨੂੰ ਮਹਾਂ ਛੋਲਿਆਂ ਦੀ ਦਾਲ ਚਾੜ੍ਹਨੀ ਏਂ। ਰੋੜ ਰਾੜ ਚੁਗ ਛੱਡੀਂ ।

ਸਤਿਆ--ਮਾਂ, ਮੈਂ ਚਲਦੀ ਆਂ ਤੂੰ ਛੇਤੀ ਆ ਜਾਈਂ ।

ਰੱਜੀ--ਤੂੰ ਚਲ ਬੀਬਾ ਮੈਂ ਆਈ ਤੇਰੇ ਮਗਰ। (ਦਾਲ ਪਰਾਤ ਵਿਚ ਪਾ ਕੇ) ਬਾਹਰ ਨਿਕਲ ਕੇ ਬੈਠ ਨੀ ਤਤ ਭਲੱਤੀਏ । ਚੌਂਕੇ ਚੁਲੇ ਦਾ

ਧਿਆਨ ਰਖੀਂ । ਕਾਂ ਕੁੱਤੇ ਦਾ ਵਸਾਹ ਨਾ ਖਾਈਂ । ਸੁਣਿਆਂ ਏ ਕਿ ਨਹੀਂ ?

ਜੈ ਕੌਰ--ਸੁਣ ਲਿਆ ਏ, ਜਾਹ ਚੁਪ ਕਰ ਕੇ । ਚੋਰ ਨਹੀਂ ਚੁੱਕੀ ਜਾਂਦੇ, ਚੌਂਕੇ ਚੁਲੇ ਨੂੰ । (ਜ਼ਰਾ ਹੌਲੀ) ਵੱਡੀ ਆਈ ਏ ਘਰ ਵਾਲੀ ।

ਰੱਜੀ—ਨੀ ਕੀ ਬੁੜ ਬੁੜ ਕਰਦੀ ਏਂ । ਕੋਈ ਚੰਗੀ ਭਾਖਿਆ ਕਢਿਆ ਕਰ ਮੂੰਹੋਂ । ਕਿਉਂ ਤੈਨੂੰ ਹਰ ਵੇਲੇ ਚੰਡ ਚੜ੍ਹਿਆ ਰਹਿੰਦਾ ਏ ।

ਰੱਜੀ ਦੇ ਜਾਣ ਪਿਛੋਂ ਜੈ ਕੌਰ ਅੰਦਰੋਂ ਘੜਾ ਲਿਆ ਕੇ ਥੜ੍ਹੇ ਤੇ ਬੈਠ ਜਾਂਦੀ ਹੈ । ਕੁਝ ਦੇਰ ਪਿਛੋਂ ਸਰਦਾਰਾ ਮੋਢੇ ਤੇ ਰੱਸਾ ਅਤੇ ਹਥ ਵਿਚ ਕਹੀ ਲਈ ਗਾਉਂਦਾ ਹੋਇਆ ਆਉਂਦਾ ਹੈ। ਜੈ ਕੌਰ ਨੂੰ ਚੁਪ ਚੁਪੀਤੀ ਦੇਖ ਕੇ ਖੰਘੂਰਾ ਮਾਰਦਾ ਹੈ। ਉਹ ਬੜੇ ਨਿਹੌਰੇ ਨਾਲ ਮੂੰਹ ਦੂਜੇ ਪਾਸੇ ਨੂੰ ਕਰ ਲੈਂਦੀ ਹੈ । ਹਥਲੀਆਂ ਚੀਜ਼ਾਂ ਥਾਂ ਸਿਰ ਰਖ ਕੇ ਕੋਲ ਆ ਬੈਠਦਾ ਹੈ । ਜੈ ਕੌਰ ਵੀ ਗੁਸੇ ਵਿਚ ਬੈਠੀ ਰਹਿੰਦੀ ਹੈ ।

ਸਰਦਾਰਾ—ਹੂੰ ! ਲਗ ਗਿਆ ਏ ਪਤਾ, ਕਿਹੜੀ ਗਲੋਂ ਗੁਸੇ ਆ ਮੇਰੀ ਨਾਜੋ ਨਾਰ । ਤੜਕੇ ਜੋਤੇ ਨੂੰ ਜਾਣ ਸਮੇਂ ਬੁਲਾਇਆ



ਨਹੀਂ ਹਜ਼ੂਰ ਨੂੰ । ਤਾਹੀਓਂ ਤੇ ਤੂੰ ਸ਼ਾਹ ਵੇਲਾ ਲੈ ਕੇ ਨਹੀਂ ਆਈ, ਅਜ ਮਾਂ ਨੂੰ ਈ ਭੇਜ ਛਡਿਆ ਏ । ਮੈਨੂੰ ਕੀ ਪਤਾ ਸੀ ਕਿ ਸਰਕਾਰ ਸਖਤ ਨਾਰਾਜ਼ ਐ । ਹਜ਼ੂਰ ਦੇ ਮਾਈ ਬਾਪ ਆਂ ਜੀ ।

ਉਸਨੂੰ ਖੁਸ਼ ਕਰਨ ਲਈ ਗਾਉਂਦਾ ਅਤੇ ਕੋਲ ਪਿਆ ਘੜਾ ਵੀ ਵਜਾਉਂਦਾ ਹੈ ।

ਦੋ ਪੱਤਰ ਅਨਾਰਾਂ ਦੇ,
ਦਿਲ ਦੀਆਂ ਦਸ ਸੋਹਣੀਏਂ,
ਮੈਂ ਰਹੂੰਗਾ ਕਰਾਰਾਂ ਤੇ ।

... ... ... ... ... ... ...

ਜੈ ਕੌਰ—(ਭਸਕੋਰਾ ਲੈ ਕੇ) ਸਾਡਾ ਏਥੇ ਕੌਣ ਏ ਦਰਦੀ ਸੁਣਨ ਵਾਲਾ ।

ਸਰਦਾਰਾ—ਓਏ ਮੇਰੀ ਜਾਨ, ਕੁਝ ਮੂੰਹੋਂ ਵੀ ਤਾਂ ਫੁਟ, ਹੋਇਆ ਕੀ ਏ ?

ਜੈ ਕੌਰ—ਉਸ ਕੁੱਤੀ ਰਣ ਨੇ ਮੈਨੂੰ ਜੋ ਨਾ ਸੋ ਗੱਲਾਂ ਆਖੀਆਂ ।

ਸਰਦਾਰਾ—ਤੂੰ ਕਿਹੜੀ ਘੱਟ ਕੀਤੀ ਹੋਵੇਗੀ ।

ਜੈ ਕੌਰ—(ਰੋਂਦੀ ਹੋਈ) ਮਾਂ ਨੇ ਉਹਦੇ ਨਾਲ ਰਲ ਕੇ ਮੇਰੇ ਨਾਲ ਉਹ ਕੁੱਤੇ ਖਾਣੀ ਕੀਤੀ ਏ ! ਮੈਂ ਤਾਂ ਇਥੇ ਇਕ ਘੜੀ ਨਹੀਂ ਟਿਕ

ਸਕਦੀ। ਮਾਂ ਹਰ ਵੇਲੇ ਉਹਦੀ ਹੈ ਕਰਦੀ ਏ। ਮੇਰੇ ਭੈਣ ਭਰਾਵਾਂ ਨੂੰ ਪੁਣਦੀ ਰਹਿੰਦੀ ਏ।

ਸਰਦਾਰਾ--ਮਾਂ ਈ ਤਾਂ ਸਾਰੇ ਪੁਆੜੇ ਦੀ ਜੜ੍ਹ ਏ।

ਜੈ ਕੌਰ–ਮਜਾਲ ਏ ਜੇ ਉਹਨੂੰ ਕੁਝ ਆਖੇ, ਐਨੀ ਸਿਰੇ ਚੜ੍ਹਾਈ ਹੋਈ ਏ।

ਸਰਦਾਰ--ਹੁਣ ਕਿਧਰ ਗਈਆਂ ਨੇ ?

ਜੈ ਕੌਰ–ਖੌਰੇ, ਦੋਵੇਂ ਕਿਧਰ ਉਜੜ ਗਈਆਂ ਨੇ।

ਸਰਦਾਰਾ–ਹੱਛਾ, ਆ ਲੈਣ ਦੇ ਕਰਦੇ ਆਂ ਗੱਲ।

ਜੈ ਕੌਰ--ਉਹ ਵਿਹਲੀ ਬੈਠੀ ਰਹਿੰਦੀ ਏ ਤੇ ਮਾਂ ਮੈਨੂੰ ਭਾਂਡੇ ਮਾਂਜਣ ਤੇ ਲਾ ਛਡਦੀ ਏ।

ਸਰਦਾਰਾ–ਕਿਉਂ, ਤੂੰ ਉਹਨਾਂ ਦੀ ਝੀਊਰੀ ਏਂ ?

ਜੈ ਕੌਰ--(ਰੋਂਦੀ ਹੋਈ) ਮੇਰੀ ਤਾਂ ਜਾਨ ਸੁਕ ਗਈ ਏ ਏਸ ਝੇੜੇ ਵਿਚ ਪੁਜ ਕੇ ਦੁਖੀ ਆਂ। ਮੈਂ ਜਾਣਦੀ ਆਂ ਜਾਂ ਮੇਰਾ ਰੱਬ, ਜੋ ਮੇਰੇ ਨਾਲ ਕਰਦੀਆਂ ਨੇ ਰਾਤ ਦਿਨ।

ਸਰਦਾਰਾ–ਬੱਸ ਹੋ ਗਈ ਏ, ਜਿਹੜੀ ਹੋਣੀ ਸੀ, ਅਜ ਦੋ ਟੁਕ ਫੈਸਲਾ ਹੋ ਜਾਵੇਗਾ। ਚੁਪ ਵੀ ਕਰ ਹੁਣ, ਰੋ ਰੋ ਕੇ ਤੂੰ ਤਾਂ ਅੱਖਾਂ ਵਿਚੋਂ ਸੁਰਮਾ ਈ ਕੱਢ ਛਡਿਆ ਈ। ਓ ਸਭ ਮੰਨ



ਲਈਆਂ ਤੇਰੀਆਂ।

ਜੈ ਕੌਰ--(ਨਿਹੋਰੇ ਨਾਲ) ਸਾਡੀਆਂ ਕੌਣ ਮੰਨਦਾ ਏ ਏਥੇ ?

ਸਰਦਾਰ–ਹੱਛਾ ਜੀ! ਅਜੇ ਮੰਨਦਾ ਈ ਨਹੀਂ, ਪਾਣੀ ਭਰਦੇ ਆਂ ਸਰਕਾਰ ਦਾ ਪਾਣੀ!

ਜੈ ਕੌਰ–(ਨਖਰੇ ਨਾਲ) ਹੋਖਾਂ, ਕੀ ਗੱਲਾਂ ਕਰਦਾ ਏਂ।

ਉਸ ਦੀ ਠੋਡੀ ਨੂੰ ਹੱਥ ਲਾ ਕੇ ਚੋਹਲ ਕਰਦਾ ਹੈ।

ਸ਼ਹਿਰੀਆ–(ਖੰਗੂਰਾ ਮਾਰ ਕੇ) ਸਤਿ ਸ੍ਰੀ ਅਕਾਲ।

ਦੋਵੇਂ ਸ਼ਰਮਿੰਦੇ ਹੋ ਕੇ ਉਠ ਖੜਦੇ ਹਨ।

ਸਰਦਾਰਾ–(ਹੱਥ ਜੋੜ ਕੇ) ਸਸ ਸ੍ਰੀ ਕਾਲ।

ਸ਼ਹਿਰੀਆ–ਬਾਬਾ ਜੀ ਕਿਧਰ ਗਏ ਨੇ ?

ਸਰਦਾਰਾ–ਇਹੋ ਪਿੰਡ ਵਿਚ ਕਿਸੇ ਦਾ ਲੜਾਈ ਝਗੜਾ ਨਜਿਠਦਾ ਫਿਰਦਾ ਹੋਣਾ ਏਂ। ਹੋਰ ਕਿਥੇ ਜਾਣਾ ਏ ਬਾਬੇ ਨੇ।

ਸ਼ਹਿਰੀਆ–ਵਾਕਿਆ ਈ ਬਾਬਾ ਗੁਰਦਿੱਤਾ ਮਲ ਬਹੁਤ ਸਿਆਣਾ ਤੇ ਪਰਉਪਕਾਰੀ ਜੀਊੜਾ ਏ।

ਸਰਦਾਰਾ–ਹੈ ਈ ਲੋਕਾਂ ਜੋਗਾ ਕਿ, ਘਰ ਦਾ ਤੇ ਉਹਨੂੰ ਕਖ

ਵਿਕਰ ਨਹੀਂ ।

ਸ਼ਹਿਰੀਆ—ਬੀਬਾ, ਲੋਕੀ ਯਾਦ ਵੀ ਉਸੇ ਨੂੰ ਕਰਦੇ ਨੇ ਜੋ ਲੋਕਾਂ ਜੋਗਾ ਹੋ ਜਾਵੇ ।

ਸਰਦਾਰਾ—(ਬਦਲ ਕੇ) ਅਸੀਂ ਵੀ ਤਾਹੀਓਂ ਕੰਮ ਨੂੰ ਨਹੀਂ ਆਖਦੇ । ਡੱਕਾ ਭੰਨ ਕੇ ਦੋਹਰਾ ਨਹੀਂ ਕਰਦਾ ਸਾਰਾ ਦਿਨ । ਆਓ ਬੈਠੋ ।

ਸ਼ਹਿਰੀਆ—ਬੈਠਣ ਦਾ ਕੰਮ ਨਹੀਂ, ਬੜੀਆਂ ਜ਼ਰੂਰੀ ਗੱਲਾਂ ਕਰਨੀਆਂ ਸਨ ਉਨ੍ਹਾਂ ਨਾਲ । ਅਨਰਥ ਹੋ ਚਲਿਆ ਜੇ ।

ਸਰਦਾਰਾ—ਸੁਖ ਤਾਂ ਹੈ ਨਾ ?

ਸ਼ਹਿਰੀਆ—ਵੇਖ ਕਾਕਾ, ਤੂੰ ਅਜੇ ਇਯਾਣਾ ਏਂ, ਸਾਡੇ ਬਜ਼ੁਰਗਾਂ ਦੀ ਕਈ ਪੀੜ੍ਹੀਆਂ ਤੋਂ ਸਾਂਝ ਚੱਲੀ ਆਉਂਦੀ ਏ ।

ਸਰਦਾਰਾ—ਕਰੋ ਗੱਲ, ਮਲੂਮ ਏ ਮੈਨੂੰ ਸਭ ਕੁਝ ।

ਸ਼ਹਿਰੀਆ—ਮੈਂ ਵੀ ਸਹਿਜਧਾਰੀ ਸਿਖ ਹਾਂ, ਗੁਰੂ ਦਾ ਵਾਕ ਲਏ ਬਿਨਾਂ ਰੋਟੀ ਦੀ ਬੁਰਕੀ ਮੂੰਹ ਵਿਚ ਨਹੀਂ ਪਾਉਂਦਾ ।

ਸਰਦਾਰਾ—(ਬੜੀ ਸ਼ਰਧਾ ਨਾਲ) ਅੱਛਾ ਜੀ !

ਸ਼ਹਿਰੀਆ—ਗੱਲ ਕਰਾਂਗਾ ਤੁਹਾਡੇ ਭਲੇ ਦੀ, ਅਗੋਂ ਅਮਲ ਕਰੋ ਜਾਂ ਨਾ ਕਰੋ, ਤੁਹਾਡੇ ਅਖਤਿਆਰ ਏ ।



ਸਰਦਾਰਾ—ਚੰਗੀ ਗਲ ਤੇ ਕਿਉਂ ਨਾ ਅਮਲ ਕਰਾਂਗੇ ।

ਸ਼ਹਿਰੀਆ—ਤੇਰੀ ਔਰਤ ਵੀ ਮੈਨੂੰ ਗੁਰਸਿਖ ਲਗਦੀ ਏ ।

ਸਰਦਾਰਾ—ਜੀ ਹਾਂ ਜਥੇਦਾਰ ਦੀ ਧੀ ਏ ।

ਸ਼ਹਿਰੀਆ—ਬੜੀ ਸੁਸ਼ੀਲ ਲੜਕੀ ਮਲੂਮ ਹੁੰਦੀ ਏ । ਸੁਣ ਬੀਬੀ, ਤੂੰ ਵੀ ਕੰਨ ਧਰ ਕੇ, ਸਾਡਾ ਤੁਹਾਡਾ ਇਕੋ ਰਾਜ਼ ਏ ।

ਜੈ ਕੌਰ ਵੀ ਕੰਮ ਛੱਡ ਕੇ ਕੋਲ ਆ ਜਾਂਦੀ ਹੈ ।

ਸਰਦਾਰਾ—ਦਸੋ, ਕੀ ਗੱਲ ਏ ?

ਸ਼ਹਿਰੀਆ—ਤੁਸੀਂ ਅਖਬਾਰ ਨਹੀਂ ਪੜ੍ਹਦੇ ਮਲੂਮ ਹੁੰਦੇ ।

ਸਰਦਾਰਾ—ਸਾਨੂੰ ਅਖਬਾਰਾਂ ਪੜ੍ਹਨ ਦਾ ਟੈਮ ਈ ਕਿਥੇ ਮਿਲਦਾ ਏ । ਮਿਟੀ 'ਚ ਮਿਟੀ ਹੋ ਰਹੀਦਾ ਏ ਸਾਰਾ ਦਿਨ । ਜਟ ਦੀ ਜੂਨ ਬੜੀ ਕਰੜੀ ਏ ।

ਸ਼ਹਿਰੀਆ—ਜਟ ਬਾਦਸ਼ਾਹ ਹੁੰਦਾ ਏ ਆਪਣੇ ਘਰ ।

ਸਰਦਾਰਾ—ਗਲ ਤਾਂ ਠੀਕ ਐ ।

ਸ਼ਹਿਰੀਆ—ਪਰ ਘਰ ਵਿਚ ਈ ਬਾਦਸ਼ਾਹ ਏ, ਬਾਹਰ ਤਾਂ ਕੁਝ ਨਹੀਂ ਨਾ ਸਰਦਾਰਾ । ਮੁਸਲਮਾਨਾਂ ਨੇ ਪਾਕਿਸਤਾਨ ਲੈ ਲਿਆ ਅਤੇ ਹਿੰਦੂਆਂ ਨੇ ਸਾਰਾ ਭਾਰਤ ਸਾਂਭ ਲਿਆ, ਸਿੱਖਾਂ ਨੂੰ

ਕੀ ਮਿਲਿਆ ਇਸ ਖ਼ੂਨ ਖ਼ਰਾਬੇ ਤੇ ਕੁਰਬਾਨੀ ਪਿਛੋਂ ?

ਸਰਦਾਰਾ–ਬਰਬਾਦੀ, ਹੋਰ ਕੀ ?

ਸ਼ਹਿਰੀਆ–ਠੀਕ ਹੈ, ਉਸ ਦੇ ਬਦਲੇ ਪਤਾ ਕੀ ਮਿਲ ਰਿਹਾ ਏ ਸਾਨੂੰ ?

ਸਰਦਾਰਾ–ਦਸ ਦਿਓ ?

ਸ਼ਹਿਰੀਆ–ਸਿਖ ਮੁਜਰਮ ਬਣ ਗਿਆ ਏ ਅਜ਼ਾਦ ਭਾਰਤ ਵਿੱਚ। ਸਾਡੀ ਕਚਲਰ ਕੁਚਲੀ ਜਾ ਰਹੀ ਏ, ਸਾਨੂੰ ਨੌਕਰੀਓਂ ਬਰਖਾਸਤ ਕੀਤਾ ਜਾ ਰਿਹਾ ਏ, ਉਚੇ ਔਹਦਿਆਂ ਤੋਂ ਮਰਹੂਮ ਰਖਿਆ ਜਾ ਰਿਹਾ ਏ।

ਸਰਦਾਰਾ–ਹੱਛਾ, ਐਨਾ ਹਨ੍ਹੇਰ ਹੋ ਰਿਹਾ ਏ ? ਮੇਰਾ ਸਹੁਰਾ ਵੀ ਇਹੋ ਜਹੀਆਂ ਗਲਾਂ ਕਰਦਾ ਹੁੰਦਾ ਸੀ, ਮੈਨੂੰ ਸੱਚ ਨਹੀਂ ਸੀ ਆਉਂਦਾ।

ਸ਼ਹਿਰੀਆ–ਇਹ ਗੱਲਾਂ ਸੋਲਾਂ ਆਨੇ ਸੱਚੀਆਂ ਨੇ ! ਆਪਣੇ ਲੀਡਰਾਂ ਦੇ ਹੱਥ ਮਜ਼ਬੂਤ ਕਰੋ। ਖਾਲਿਸਤਾਨ ਲਈ ਜੱਦੋ-ਜਹਿਦ ਕਰੋ ਅਤੇ ਸ੍ਵੈਮਾਨ ਨਾਲ ਦਿਨ ਕੱਟੋ। ਹੋਰ ਕੋਈ ਰਸਤਾ ਨਹੀ ਰਹਿ ਗਿਆ ਬਾਕੀ।

ਸਰਦਾਰਾ–ਪਰ ਅਸੀਂ ਅਨਪੜ੍ਹ ਲੋਕ ਕਰ ਈ ਕੀ ਸਕਦੇ ਆਂ।



ਸਾਡੇ ਹੱਥ ਪੱਲੇ ਹੈ ਕੀ ?

ਸ਼ਹਿਰੀਆ–ਅਜ ਕਲ ਸਭ ਤਾਕਤ ਲੋਕਾਂ ਦੇ ਹੱਥ ਵਿਚ ਆ ਗਈ ਏ। ਜੇਕਰ ਉਨ੍ਹਾਂ ਨੂੰ ਵਰਤਣ ਦਾ ਢੰਗ ਆਉਂਦਾ ਹੋਵੇ। ਦੇਖੋ ਮਰਦਮ ਸ਼ੁਮਾਰੀ ਵਿਚ ਸਾਰੇ ਪੰਜ ਸਤ ਦਿਨ ਬਾਕੀ ਰਹਿੰਦੇ ਨੇ। ਇਸ ਮਰਦਮ ਸ਼ੁਮਾਰੀ ਪਿਛੋਂ ਵੱਡੇ ਵੱਡੇ ਫੈਸਲੇ ਹੋਣੇ ਨੇ। ਤੁਸੀਂ ਪਿੰਡ ਦੇ ਸਭ ਕੱਮੀ ਕਮੀਣਾਂ ਨੂੰ ਦਬਕਾ ਧਮਕਾ ਕੇ ਸਿਖ ਲਿਖਵਾਓ ਅਤੇ ਬੋਲੀ ਦੇ ਖਾਨੇ ਵਿੱਚ ਪੰਜਾਬੀ ਭਰਵਾਓ।

ਸਰਦਾਰਾ–ਪਿੰਡ ਵਿਚ ਅਗੇ ਈ ਬੜੀ ਖਿਦੋਤਾਣ ਵਧੀ ਹੋਈ ਏ।

ਸ਼ਹਿਰੀਆ–ਹੋਰ ਵਧਾਓ, ਸਗੋਂ ਖਾਲਸਈ ਬੋਲਾ ਪੂਰਾ ਕਰੋ, ਜੋ ਅੜੇ ਸੋ ਝੜੇ।

ਸਰਦਾਰਾ–ਫੇਰ ਮੁੜ ਕੇ ਪੁਰਾਣੇ ਸਮੇਂ ਆ ਗਏ ਨੇ ?

ਸ਼ਹਿਰੀਆ–ਹਾਂ, ਡਾਢੇ ਦਾ ਸੱਤੀਂ ਵੀਹੀਂ ਸੌ ਹੁੰਦਾ ਏ। ਪਿੰਡ ਦੇ ਸਾਰੇ ਸਿਖ ਗੁਰਦਵਾਰੇ ਜੁੜੇ ਬੈਠੇ ਨੇ। ਬਾਹਰੋਂ ਜਥੇਦਾਰ ਵੀ ਪੁਜੇ ਹੋਏ ਨੇ। ਦੋਵੇਂ ਚਲੋ ਝਟਾ ਪਟ।

ਸਰਦਾਰਾ–ਮਾਰ ਬਈ ਘਰ ਨੂੰ ਜੰਦਾ ਚਲੀਏ।

ਸ਼ਹਿਰੀਆ–ਕੋਈ ਲੋੜ ਨਹੀਂ ਜੰਦਰਾ ਸ਼ੰਦਰਾ ਮਾਰਨ ਦੀ,

ਮੇਰਾ ਇਤਬਾਰ ਨਹੀਂ ਤੁਹਾਨੂੰ ?

ਸਰਦਾਰਾ–ਕਿਉਂ ਨਹੀਂ ਜੀ, ਵਾਹੁਗੁਰੂ ਆਖੋ।

ਸ਼ਹਿਰੀਆ–ਮੈਂ ਬਾਬਾ ਗੁਰਦਿੱਤਾ ਮਲ ਨੂੰ ਮਿਲ ਕੇ ਜਾਣਾ ਏਂ। ਤੁਸੀਂ ਬੇਫਿਕਰ ਕਰੋ ਆਪਣਾ ਕੰਮ, ਮੈਂ ਇਥੇ ਈ ਖੜਾ ਆਂ।

ਸਰਦਾਰਾ–ਚਲ ਭਾਗਵਾਨੇ ਛੇਤੀ, ਸ਼ਾਇਦ ਤੇਰਾ ਬਾਪੂ ਵੀ ਆਇਆ ਹੋਵੇ।

ਸ਼ਹਿਰੀਆ–ਆ ਲਓ ਅਖਬਾਰ ਹਮੇਸ਼ਾ ਗੁਰਮੁਖੀ ਦਾ ਅਖਬਾਰ ਪੜ੍ਹਿਆ ਕਰੋ, ਇਸ ਵਿਚ ਆਪਣੀਆਂ ਕੌਮੀ ਖਬਰਾਂ ਹੁੰਦੀਆਂ ਨੇ।

ਸਰਦਾਰਾ–ਗੁਰਮੁਖੀ ਤਾਂ ਇਹ ਭਲੀ ਲੋਕ ਚੰਗੀ ਤਰ੍ਹਾਂ ਪੜ੍ਹ ਲੈਂਦੀ ਏ।

ਸ਼ਹਿਰੀਆ–ਦੋਵੇਂ ਰਲ ਕੇ ਪੜ੍ਹਿਆ ਕਰੋ।

ਸਰਦਾਰਾ–ਸਾਨੂੰ ਕਿਥੇ ਟੈਮ ਮਿਲਣਾ, ਇਹੋ ਪੜ੍ਹਿਆ ਕਰੂ, ਆਥਣ ਵੇਲੇ ਸਾਨੂੰ ਦਸ ਦਿਆ ਕਰੂ ਜ਼ਰੂਰੀ ਗੱਲਾਂ।

ਸ਼ਹਿਰੀਆ–ਇਹ ਅਖਬਾਰ ਤੁਹਾਡੇ ਨਾਂ ਜਾਰੀ ਕਰਵਾ ਦਿਆਂਗਾ। ਚੰਦਾ ਵੀ ਮੈਂ ਕੋਲੋਂ ਦੇ ਦਿਆਂਗਾ।

ਸਰਦਾਰਾ-ਤੁਸੀਂ ਧਿਗਾਣੇ ਦੇਣਾ ਏਂ। ਐਨੇ ਗਏ ਗੁਜ਼ਰੇ ਨਹੀਂ



ਅਸੀਂ। ਐਨੀ ਥੋੜ੍ਹੀ ਮਿਹਰਬਾਨੀ ਏ ਤੁਹਾਡੀ, ਸਾਨੂੰ ਸਿਖ ਮਤ ਦਿੰਦੇ ਓ।

ਸ਼ਹਿਰੀਆ–(ਸ਼ਰਾਰਤੀ ਹਾਸਾ ਹਸਦਾ ਹੋਇਆ) ਬੜਾ ਸਿਆਣਾ ਲੜਕਾ ਏ। ਬੀਬੀ, ਭਾਗਾਂ ਵਾਲੀ ਏਂ।

ਉਨ੍ਹਾਂ ਦੇ ਜਾਣ ਪਿਛੋਂ ਸ਼ਹਿਰੀਆ ਜਿੱਤ ਦੇ ਨਸ਼ੇ ਵਿਚ ਏਧਰ ਓਧਰ ਘੁੰਮਦਾ ਹੈ। ਇਕ ਦਾਤੀ ਚੁਕ ਕੇ ਉਸ ਨਾਲ ਦ੍ਰਖਤ ਦੀ ਇਕ ਟਾਹਣੀ ਤੋੜਦਾ ਹੈ ਅਤੇ ਫੇਰ ਉਸਦੇ ਟੁਕੜੇ ਕਰਦਾ ਹੈ। ਬਾਹਰਲੇ ਪਾਸਿਓਂ ਉੱਚੀ ਉੱਚੀ ਬੋਲਣ ਦੀ ਆਵਾਜ਼ ਆਉਂਦੀ ਹੈ। ਸ਼ਹਿਰੀਆ ਇਕ ਪਾਸੇ ਹੋ ਜਾਂਦਾ ਹੈ।

ਕਰਤਾਰਾ–ਓ ਤੂੰ ਫਿਕਰ ਨਾ ਕਰ, ਮਜਾਲ ਏ ਤੈਨੂੰ ਕੋਈ ਓਇ ਵੀ ਆਖ ਜਾਵੇ, ਜਾਨ ਨਹੀਂ ਸੂ ਚਾਹੀਦੀ। ਅਜ ਈ ਫੈਸਲਾ ਕਰਦਾਂ। ਸਾਰਾ ਦਿਨ ਕੰਮ ਵਿਚ ਜਾਨ ਮਾਰੀਦੀ ਏ, ਜੇ ਘਰ ਵਿਚ ਕੁਤਿਆਂ ਵਰਗੀ ਇਜ਼ਤ ਹੀ ਹੋਈ, ਫੇਰ ਕੱਠੇ ਰਹਿਣ ਦਾ ਫਾਇਦਾ ਕੀ ਏ।

ਸਤਿਆ—ਉਹ ਤਾਂ ਨਕ ਤੇ ਮੱਖੀ ਨਹੀਂ ਬਹਿਣ ਦਿੰਦੀ । ਮੈਨੂੰ ਭੂਖੇ ਘਰ ਦੀ ਸੱਦਦੀ ਏ, ਘਰ ਵਿਚ ਪ੍ਰਧਾਨ ਬਣੀ ਫਿਰਦੀ ਏ ।

ਕਰਤਾਰਾ—ਮੈਂ ਜਾਣਦਾਂ ਉਸ ਨਵਾਬਜ਼ਾਦੀ ਨੂੰ । ਭੂਖੇ ਦੀ ਧੀ ਰੱਜੀ ਤੇ ਖੇਹ ਉਡਾਣ ਲੱਗੀ ।

ਸਤਿਆ—ਖੌਰੇ ਕਿਧਰ ਉੱਜੜ ਗਈ ਏ ਘਰ ਸੁੰਵਾ ਛਡਕੇ ।

ਕਰਤਾਰਾ—ਤੂੰ ਠੀਕ ਈ ਕਿਹਾ ਏ, ਬਦਚਲਨ ਏ ।

ਸਤਿਆ—ਮੇਰੀ ਗਲ ਠੀਕ ਨਿਕਲੀ ਕਿ ਨਾ ?

ਕਰਤਾਰਾ—ਓ ਤੇਰੀਆਂ ਕਿਆ ਬਾਤਾਂ, ਤੂੰ ਤਾਂ ਪਟੋਲਾ ਏਂ ਪਟੋਲਾ ਪਟਾਰੀ ਵਿਚ ਪਾ ਕੇ ਰਖਣ ਵਾਲਾ ।

ਸਤਿਆ—ਕਿੱਦਾਂ ਦੀਆਂ ਗਲਾਂ ਕਰਨ ਲਗ ਜਾਂਦਾ ਏ ।

ਕਰਤਾਰਾ—ਓ ਆ ਤਾਂ ਸਹੀ, ਬੈਠ ਜ਼ਰਾ ਏਥੇ ।

ਸਤਿਆ—ਦਸ ਕੀ ਐ ?

ਕਰਤਾਰਾ—ਮੈਂ ਕਿਹਾ, ਸੁਣਿਆ ਤੂੰ ਬੜੇ ਗੀਤ ਸ਼ੀਤ ਜਾਣਦੀ ਏਂ । ਕਦੇ ਸਾਨੂੰ ਵੀ ਸੁਣਾ ਛਡਿਆ ਕਰ ਕੋਈ ਗੌਣ ਸ਼ੌਨ ।

ਸਤਿਆ—ਸ਼ਹਿਰ ਲੈ ਚਲ ਜਿੰਨੇ ਆਖੇਂਗਾ ਸੁਣਾਇਆ ਕਰਾਂਗੀ । ਵੱਸਣ ਪਿੰਡਾਂ ਦਾ ਖੋਟਾ ਕਿ ਸ਼ਹਿਰ ਕਿਸੇ ਚਲ ਵਸੀਏ ।



ਕਰਤਾਰਾ—ਛਡ ਇਨ੍ਹਾਂ ਪੁਰਾਣੀਆਂ ਗੱਲਾਂ ਨੂੰ । ਅਜ ਕਲ ਪਿੰਡਾਂ ਵਰਗੀ ਮੌਜ ਸ਼ਹਿਰਾਂ ਵਿਚ ਨਹੀਂ।ਦੁਧ ਘਿਓ ਖੁਲ੍ਹੀ ਹਵਾ ਸ਼ਹਿਰਾਂ ਵਿੱਚ ਕਿਥੇ । ਲੋਕ ਉਲਟੇ ਸ਼ਹਿਰਾਂ ਤੋਂ ਪਿੰਡਾਂ ਨੂੰ ਮੁੜੇ ਆਉਂਦੇ ਨੇ ।

ਸਤਿਆ—(ਰੁਸ ਕੇ) ਅੱਗੇ ਕਦੇ ਤੂੰ ਮੇਰੀ ਗਲ ਮੰਨੀ ਏ ।

ਕਰਤਾਰਾ—ਓ ਤੇਰੀਆਂ ਸਭ ਮੰਨ ਲਊਂ, ਤੂੰ ਇਕ ਗੀਤ ਸੁਣਾ ਦੇ ।

ਸਤਿਆ—ਮੈਨੂੰ ਤਾਂ ਕੋਈ ਵੀ ਨਹੀਂ ਆਉਂਦਾ ।

ਕਰਤਾਰਾ—ਓਦਨ ਦੱਕੀ ਪੀਂਦੀ ਕੀ ਗੌਂਦੀ ਸੀ, "ਝੁਲ ਝੁਲ ਬਰੋਟਿਆ ਮੇਰੇ ਜਾਨੀ ਨੇ ਲਾਇਆ ।"

ਸਤਿਆ—ਓਹ ਤਾਂ ਚੱਕੀ ਪੀਂਦਿਆਂ ਗਾਈਦਾ ਏ ।

ਕਰਤਾਰਾ—ਲੈ ਹੁਣੇ ਝੋ ਦਿੰਦੇ ਆਂ ਚੱਕੀ । (ਐਵੇਂ ਹੱਥ ਨਾਲ ਗੇੜਾ ਦੇ ਕੇ)

ਸਤਿਆ—(ਧੱਫਾ ਮਾਰਕੇ) ਕੀ ਗੱਲਾਂ ਕਰਦਾ ਰਹਿੰਦਾ !

ਕਰਤਾਰਾ—(ਝੂਠੀ ਮੂਠੀ) ਊਈ ਮਾਰ ਛਡਿਆ ।

ਸ਼ਹਿਰੀਆ (ਖੰਘੂਰਾ ਮਾਰ ਕੇ ) ਨਮਸਤੇ ਜੀ।

ਕਰਤਾਰਾ-(ਸ਼ਰਮਿੰਦਾ ਜਿਹਾ ਹੋ ਕੇ) ਨਮਸਤੇ, ਆਉ ਕਿੱਦਾਂ ਔਣਾ ਹੋਇਆ ?

ਸ਼ਹਿਰੀਆ—ਮੈਂ ਤੁਹਾਡੇ ਘਰ ਦੀ ਰਾਖੀ ਕਰ ਰਿਹਾ ਸਾਂ ।

ਸਤਿਆ—ਕਿਉਂ ਉਹ ਕਿਧਰ ਉੱਧਲ ਗਈ ਏ ?

ਸ਼ਹਿਰੀਆ—ਉਹ ਦੋਵੇਂ ਗੁਰਦਵਾਰੇ ਗਏ ਨੇ । ਉਥੇ ਸਿੱਖਾਂ ਨੇ ਇਕੱਠ ਕੀਤਾ ਹੋਇਆ ਏ ਹਿੰਦੂਆਂ ਦੇ ਬਰਖਿਲਾਫ। ਬਾਹਰੋਂ ਜਥੇਦਾਰ ਵੀ ਆਏ ਹੋਏ ਨੇ।

ਕਰਤਾਰਾ—(ਹੈਰਾਨ ਹੋ ਕੇ) ਹੈਂ, ਸੱਚੀਂ !

ਸਤਿਆ—ਤੂੰ ਕਾਕਾ ਪਿੰਡ ਵਿਚ ਨਹੀਂ ਵਸਦਾ ਮਾਲੂਮ ਹੁੰਦਾ।

ਕਰਤਾਰਾ—(ਅੰਦਰ ਝਾਤ ਮਾਰਕੇ) ਦੇਖੋ ਘਰ ਸੁੰਝਾ ਛਡ ਕੇ ਚਲੇ ਗਏ ਨੇ।

ਸ਼ਹਿਰੀਆ—ਸੁਣਿਆ ਨਹੀਂ, 'ਸਾਂਝਾ ਬਾਪ ਨ ਪਿਟੇ ਕੋਇ।' ਸਾਂਝ ਵਿਚ ਹਮੇਸ਼ਾਂ ਛੋਟਾ ਭਰਾ ਘਾਟੇ ਵਿੱਚ ਰਹਿੰਦਾ ਏ।

ਕਰਤਾਰਾ—(ਸੋਚਦਾ ਹੋਇਆ) ਹੂੰ !

ਸ਼ਹਿਰੀਆ—ਤੇਰੇ ਸਿਰ ਤੇ ਐਸ਼ਾਂ ਕਰਦਾ ਏ !

ਸਤਿਆ—ਮੈਂ ਨਹੀਂ ਤੈਨੂੰ ਰੋਜ਼ ਕਹਿੰਦੀ ।

ਕਰਤਾਰਾ—ਹਟ ਜਾਵੇਗਾ।

ਸ਼ਹਿਰੀਆ—ਕੁਝ ਬਾਹਰਲੀ ਦੁਨੀਆਂ ਦੀ ਵੀ ਖਬਰ ਜੇ।

ਕਰਤਾਰਾ—ਏਹ ਕਿਤੇ ਪੇਕਿਆਂ ਤੋਂ ਕੋਈ ਖਬਰ ਲਿਆਵੇ ਤਾਂ ਲਿਆਵੇ, ਬਾਕੀ ਸਾਨੂੰ ਕੁਝ ਨਹੀਂ ਪਤਾ ਜਹਾਨ 'ਚ ਕੀ ਹੁੰਦਾ ਪਿਆ ਏ।

ਸ਼ਹਿਰੀਆ—ਤੂੰ ਅਠ ਨੌਂ ਜਮਾਤਾਂ ਪੜ੍ਹਿਆ ਹੋਇਆ ਏਂ। ਸ਼ਹਿਰ ਵਿਚ ਕੋਈ ਚੰਗਾ ਕੰਮ ਕਰ ਸਕਦਾ ਏਂ।



ਕਰਤਾਰਾ—ਇਹਨੇ ਅਗੇ ਈ ਮੇਰੇ ਨਕ ਵਿਚ ਦਮ ਕੀਤਾ ਹੋਇਆ ਏ ?

ਸ਼ਹਿਰੀਆ—ਠੀਕ ਕਹਿੰਦੀ ਏ ਬੜੀ ਸਿਆਣੀ ਲੜਕੀ ਏ। ਪਿੰਡਾਂ ਦਾ ਕੋਈ ਜੀਵਨ ਏ ?

ਕਰਤਾਰਾ—ਬਾਬੂ ਜੀ, ਇਹ ਗਲ ਤਾਂ ਛਡੋ, ਮੈਂ ਦੇਖ ਆਇਆਂ ਸ਼ਹਿਰ 'ਚ ਟਕਰਾਂ ਮਾਰ ਕੇ। ਬਿਨਾਂ ਕਸਬ ਦੇ ਉਥੇ ਵੀ ਕੋਈ ਨਹੀਂ ਪੁਛਦਾ।

ਸਤਿਆ—ਬਸ ਇਕੋ ਗਲ ਫੜੀ ਬੈਠਾ ਏ।

ਸ਼ਹਿਰੀਆ— ਨਾਲੇ ਪਿੰਡਾਂ ਵਿਚ ਇਹ ਸਿਖ ਬੜੇ ਭੂਤ ਗਏ ਨੇ। ਸਾਨੂੰ ਪੰਜਾਬ ਵਿਚੋਂ ਕੱਢਣ ਦੀਆਂ ਸਕੀਮਾਂ ਬਣਾ ਰਹੇ ਨੇ, ਆਂਹਦੇ ਨੇ ਸਾਡੇ ਪਿਓ ਦਾਦੇ ਦੀ ਧਰਤੀ ਏ, ਤੁਸੀ ਹਿੰਦੂ ਯੂ. ਪੀ. ਵਿਚ ਜਾ ਕੇ ਰਹੋ।

ਕਰਤਾਰਾ—ਦਿਮਾਗ ਖਰਾਬ ਹੋ ਗਿਆ ਏ ਇਨ੍ਹਾਂ ਦਾ।

ਸ਼ਹਿਰੀਆ—ਤੂੰ ਕਾਕਾ ਅਜੇ ਬਿਲਕੁਲ ਇਯਾਣਾ ਏਂ। ਤੈਨੂੰ ਬਾਹਰ ਦੀ ਕੋਈ ਹਵਾ ਨਹੀਂ ਲੱਗੀ। ਉਹਨਾਂ ਦੀਆਂ ਅਖਬਾਰਾਂ ਨਹੀਂ ਪੜ੍ਹੀਆਂ ਤੂੰ। ਉਹ ਤਾਂ ਜੰਗ ਲਈ ਕਮਰ ਕਸੇ ਕਰੀ

ਬੈਠੇ ਨੇ, ਤੁਸੀਂ ਸੁੱਤੇ ਪਏ ਓ।

ਕਰਤਾਰਾ—ਮੈਂ ਬਥੇਰੀਆਂ ਸੁਣ ਚੁੱਕਾਂ, ਮੇਰਾ ਵੱਡਾ ਸਾਲਾ ਹਿੰਦੂ ਮਹਾਂ ਸਭਾ ਦਾ ਲੀਡਰ ਏ।

ਸਤਿਆ—ਮੇਰੇ ਭਰਾ ਦੀਆਂ ਗੱਲਾਂ ਦਾ ਤੇ ਇਹਨੂੰ ਇਤਬਾਰ ਨਹੀਂ ਔਂਦਾ। ਸੁਣ ਲੈ ਹੁਣ ਕੰਨ ਖੋਲ੍ਹ ਕੇ।

ਸ਼ਹਿਰੀਆ—ਇਸ ਮਰਦਮ ਸ਼ੁਮਾਰੀ ਵਿਚ ਪਿੰਡ ਦੇ ਲੋਕਾਂ ਨੂੰ ਖ਼ੂਬ ਪਰੇਰੋ। ਆਪਣੇ ਆਪ ਨੂੰ ਹਿੰਦੂ ਅਤੇ ਬੋਲੀ ਹਿੰਦੀ ਲਿਖਵਾਉ।

ਕਰਤਾਰਾ—ਝੂਠ ਕਿਉਂ ਲਿਖਵਾਈਏ ਜਦ ਸਾਡੀ ਬੋਲੀ ਹੈ ਈ ਪੰਜਾਬੀ ਫੇਰ.........।

ਸ਼ਹਿਰੀਆ—ਤੂੰ ਕਾਕਾ ਅਜੇ ਬੱਚਾ ਏਂ, ਰਾਜਸੀ ਚਾਲਾਂ ਨਹੀਂ ਸਮਝਦਾ। ਅਜ ਦੇ ਜ਼ਮਾਨੇ ਵਿਚ ਸਚ ਨੂੰ ਝੂਠ ਤੇ ਝੂਠ ਨੂੰ ਸਚ ਕਹਿ ਕੇ ਹੀ ਗੁਜ਼ਾਰਾ ਹੁੰਦਾ ਏ।

ਕਰਤਾਰਾ—ਇਹ ਹੇਰਾ ਫੇਰੀਆਂ ਸ਼ਹਿਰੀਆਂ ਦਾ ਈ ਕੰਮ ਏ, ਅਸੀਂ ਤਾਂ ਸਿਧ ਪਧਰੀਆਂ ਗੱਲਾਂ ਜਾਣਦੇ ਆਂ।

ਸ਼ਹਿਰੀਆ—ਮਰਦਮ ਸ਼ੁਮਾਰੀ ਤੇਰੇ ਭਾਣੇ ਨਿੱਕੀ ਜਿਹੀ ਗਲ ਏ। ਇਸ ਤੋਂ ਹੀ ਸਾਡੀ ਕਿਸਮਤ ਦਾ ਫ਼ੈਸਲਾ ਹੋਣਾ ਏਂ। ਜੇ



ਹਿੰਦੂਆਂ ਆਪਣੀ ਜ਼ਬਾਨ ਪੰਜਾਬੀ ਲਿਖਵਾ ਦਿਤੀ, ਫੇਰ ਸਮਝ ਲਓ ਖਾਲਿਸਤਾਨ ਬਣ ਗਿਆ ਤੇ ਅਸੀਂ ਆਪਣੇ ਪੈਰਾਂ ਤੇ ਆਪ ਕੁਹਾੜਾ ਮਾਰ ਲਿਆ।

ਕਰਤਾਰ—ਅੱਛਾ ਇਹ ਗਲ ਐ?

ਸ਼ਹਿਰੀਆ—ਤੈਨੂੰ ਮੈਂ ਵੇਹਲੇ ਮੌਕੇ ਬੈਠ ਕੇ ਸਾਰੀਆਂ ਚਾਲਾਂ ਸਮਝਾਵਾਂਗਾ।

ਕਰਤਾਰਾ—ਚੰਗੀ ਗਲ ਏ।

ਸ਼ਹਿਰੀਆ—ਆ ਲਓ ਪਰਚਾ ਸਦਾ 'ਵੀਰ ਭਾਰਤ' ਅਖਬਾਰ ਪੜ੍ਹਿਆ ਕਰੋ। ਇਸ ਵਿਚ ਸਾਡੇ ਹੱਕਾਂ ਦੀ ਰਾਖੀ ਕੀਤੀ ਹੁੰਦੀ ਏ। ਮੈਂ ਸਾਲ ਭਰ ਲਈ ਤੁਹਾਡੇ ਨਾਂ ਜਾਰੀ ਕਰਵਾ ਦਿਆਂਗਾ।

ਕਰਤਾਰਾ—ਚੰਦਾ ਕਿੰਨਾ ਕੁ ਲਗੇਗਾ?

ਸ਼ਹਿਰੀਆ—ਮੈਂ ਲੈ ਲਵਾਂਗਾ ਪਿਛੋਂ। ਹੁਣ ਤੁਸੀਂ ਠਾਕਰ ਦੁਆਰੇ ਦੇ ਅਹਾਤੇ ਵਿਚ ਚਲੋ, ਆਲੇ ਦੁਆਲੇ ਦੇ ਪਿੰਡਾਂ ਦੇ ਹਿੰਦੂ ਇਕੱਠੇ ਹੋਏ ਬੈਠੇ ਨੇ, ਨਾਲੇ ਸ਼ਹਿਰੋਂ ਲੀਡਰ ਵੀ ਆਏ ਹੋਏ ਨੇ।

ਸਤਿਆ—ਮੈਂ ਵੀ ਨਾਲ ਚੱਲਾਂ, ਸ਼ੌਰੇ ਮੇਰਾ ਭਰਾ ਵੀ ਆਇਆ ਹੋਵੇ।

ਸ਼ਹਿਰੀਆ—ਆਇਆ ਹੋਇਆ ਏ ਮੈਂ ਖੁਦ ਦੇਖਿਆ ਏ, ਘਰ ਦਾ ਤੁਸੀਂ ਫ਼ਿਕਰ ਨਾ ਕਰੋ, ਮੈਂ ਬਾਬਾ ਗੁਰਦਿਤਾ ਮਲ ਨੂੰ ਮਿਲ ਕੇ ਆਇਆ ਤੁਹਾਡੇ ਮਗਰ ਮਗਰ।

ਦੋਵੇਂ ਚਲੇ ਜਾਂਦੇ ਹਨ। ਸ਼ਹਿਰੀਆ ਖੁਸ਼ੀ ਵਿਚ ਸੀਟੀ ਵਜਾਉਂਦਾ ਹੋਇਆ ਐਧਰ ਓਧਰ ਘੁੰਮਦਾ ਹੈ। ਦਾਤਰੀ ਉਸ ਦੇ ਹਥ ਵਿਚ ਹੈ। ਝਟਕੁ ਪਿਛੋਂ ਚੌਧਰੀ ਤੇ ਸ਼ਾਹ ਲੰਘਦੇ ਹਨ।

ਸ਼ਾਹ—ਬਾਬੂ ਜੀ ਨਮਸਤੇ।

ਸ਼ਹਿਰੀਆ—ਨਮਸਤੇ ਸ਼ਾਹ ਜੀ।

ਚੌਧਰੀ—ਬਾਬੇ ਨੂੰ ਉਡੀਕਦੇ ਓ, ਉਹ ਤੇ ਪੰਚਾਇਤ ਵਿਚ ਬੈਠਾ ਹੋਣਾ ਏਂ।

ਸ਼ਹਿਰੀਆ—ਬਾਬੇ ਨਾਲ ਮੇਰਾ ਕੋਈ ਕੰਮ ਨਹੀਂ, ਸਰਦਾਰ ਸਿੰਘ ਨੂੰ ਉਡੀਕ ਰਿਹਾਂ। ਉਸ ਵਲ ਕੁਝ ਹਿਸਾਬ ਕਿਤਾਬ ਰਹਿੰਦਾਂ ਸੀ।

ਸ਼ਾਹ—ਹੱਛਾ, ਅਸੀਂ ਤਾਂ ਚਲਦੇ ਆਂ ਫੇਰ।

ਸ਼ਹਿਰੀਆ—ਬੜੀ ਕਾਹਲੀ ਵਿਚ ਲਗਦੇ ਓ, ਮੈਂ ਤੁਹਾਡੇ ਨਾਲ ਇਕ ਵਖਰੀ ਗਲ ਕਰਨੀ ਸੀ।



ਸ਼ਾਹ ਨੂੰ ਇਸ਼ਾਰਾ ਕਰਦਾ ਹੈ।

ਸ਼ਾਹ—ਤੁਸੀਂ ਬੇ ਫ਼ਿਕਰ ਕਰੋ ਜੀ, ਇਹ ਆਪਣੇ ਈ ਬੰਦੇ ਨੇ। ਦੇਵੀ ਦੇ ਪੱਕੇ ਭਗਤ ਨੇ, ਨਿਸ਼ੰਗ ਗਲ ਕਰੋ।

ਸ਼ਹਿਰੀਆ—ਪਰ ਏਡੀ ਕਾਹਲੀ ਕੇਹੜੀ ਗਲ ਦੀ ਏ ?

ਚੌਧਰੀ—ਪਿੰਡ ਦੀ ਪੰਚਾਇਤ ਹੋਣ ਲੱਗੀ ਏ ਮਰਦਮ ਸ਼ੁਮਾਰੀ ਬਾਰੇ।

ਸ਼ਹਿਰੀਆ—(ਦਿਲਚਸਪੀ ਲੈ ਕੇ) ਅੱਛਾ ! ਫੇਰ ਕੀ ਫ਼ੈਸਲਾ ਕਰਨ ਲਗੇ ਓ ?

ਸ਼ਾਹ—ਇਹੋ ਮਾਦਰੀ ਜ਼ਬਾਨ ਬਾਬਤ ਤਾਂ ਜੋ ਕੋਈ ਝਗੜਾ ਨਾ ਹੋਵੇ।

ਸ਼ਹਿਰੀਆ—ਤੁਸੀਂ ਬੜੇ ਭੋਲੇ ਓ, ਉਨ੍ਹਾਂ ਦੀਆਂ ਗਹਿਰੀਆਂ ਚਾਲਾਂ ਨਹੀਂ ਸਮਝਦੇ, ਜੇ ਤੁਸੀਂ ਮਾਦਰੀ ਜ਼ਬਾਨ ਪੰਜਾਬੀ ਲਿਖਵਾ ਦਿੱਤੀ ਤਾਂ ਸਮਝੋ ਮੌਤ ਅਪਣੀ ਦੇ ਵਰੰਟ ਕਢਵਾ ਦਿਤੇ।

ਸ਼ਾਹ—ਅਸੀਂ ਐਨੇ ਬੇਅਕਲ ਨਹੀਂ, ਜਿੰਨੇ ਤੁਸੀਂ ਸਮਝਦੇ ਓ।

ਸ਼ਹਿਰੀਆ—ਜੇ ਸਮਝਦੇ ਓ ਤਾਂ ਫੇਰ ਸਮਝੌਤੇ ਦਾ ਕੀ ਮਤਲਬ।

ਚੌਧਰੀ—ਅਸੀਂ ਉਪਰ ਮਿਲ ਮਿਲਾ ਕੇ ਪਿੰਡ ਦੇ ਸਭ ਚਮਾਰ ਚੂੜ੍ਹੇ ਅਪਣੀ ਵਲ ਕੀਤੇ ਹੋਏ ਨੇ।

ਸ਼ਹਿਰੀਆ—ਬਹੁਤ ਖ਼ੂਬ !

ਚੌਧਰੀ–ਜੇ ਪਿੰਡ ਦੇ ਲੋਕ ਇਕ ਮੁਠ ਹੋ ਜਾਣ ਫੇਰ ਸਾਨੂੰ ਕੌਣ ਪੁਛੇ।

ਸ਼ਾਹ–(ਹਸਦਾ ਹੋਇਆ) ਤੇ ਨਾਲੇ ਸਾਨੂੰ ਕੌਣ ਜੀਣ ਦੇਵੇ ਪਿੰਡਾਂ ਵਿਚ।

ਸ਼ਹਿਰੀਆ–ਤੁਸੀਂ ਤੇ ਅੱਗੇ ਹੀ ਪੜ੍ਹੇ ਗੁੜ੍ਹੇ ਹੋਏ ਓ ਤੁਹਾਨੂੰ ਕਿਸੇ ਕੀ ਪੜ੍ਹਾਉਣਾ ਏ।

ਚੌਧਰੀ–ਸ਼ਹਿਰੀਏ ਸਮੱਝਦੇ ਨੇ ਸਾਰੀ ਅਕਲ ਸਾਡੇ ਕੋਲ ਈ ਏ।

ਸ਼ਹਿਰੀਆ–ਠੀਕ ਏ, ਜਟ ਕਮਲਾ ਖੁਦਾ ਨੂੰ ਲੈ ਗਏ ਚੋਰ।

ਉਹ ਦੋਵੇਂ ਹਸਦੇ ਹਸਦੇ ਚਲੇ ਜਾਂਦੇ ਹਨ। ਸ਼ਹਿਰੀਆ ਫੇਰ ਐਧਰ ਓਧਰ ਘੁੰਮਦਾ ਹੈ। ਕੁਝ ਚਿਰ ਪਿਛੋਂ ਰੱਜੀ ਆਉਂਦੀ ਹੈ।

ਰੱਜੀ–ਉਆ! ਕਿਧਰ ਉਜੜ ਗਈਆਂ ਘਰ ਸੁੰਞਾ ਛਡ ਕੇ।

ਸ਼ਹਿਰੀਆ–ਮਾਈ ਸ਼ੁਕਰ ਕਰ ਪ੍ਰਮਾਤਮਾਂ ਦਾ, ਤੇਰੇ ਘਰੋਂ ਬਲਾ ਟਲ ਗਈ ਏ, ਧਰਤ ਨਿਮਸਕਾਰ।

ਰੱਜੀ–ਹਾਇਆ ਮੈਨੂੰ! ਕੀ ਹੋਇਆ!

ਸ਼ਹਿਰੀਆ–ਇਥੇ ਸਿਰ ਪਾਟਣ ਲੱਗੇ ਸਨ।

ਰੱਜੀ–ਮੈਂ ਮਰੀ ਕੀਹਦੇ!

ਸ਼ਹਿਰੀਆ–ਤੇਰੇ ਦੋਹਾਂ ਪੁੱਤਾਂ ਦੇ, ਹੋਰ ਕਿਹਦੇ।

ਰੱਜੀ–ਹਾਇਆ ਮਾਂ ਮਰੀ! ਫੇਰ ਬਚਾ ਹੋ ਗਿਆ?



ਸ਼ਹਿਰੀਆ–ਮੈਂ ਵੇਲੇ ਸਿਰ ਨਾ ਪੁਜਦਾ ਤਾਂ ਪਤਾ ਨਹੀਂ ਅਜ ਕੀ ਹੋ ਜਾਣਾ ਸੀ।

ਰੱਜੀ–ਜਾਇਆ ਵੱਢੀਆਂ ਨੇ ਲਾ ਦਿੱਤਾ ਹੋਣਾ ਲੂੰਬਾ ਆਉਂਦੀਆਂ ਨੇ, ਮੈਨੂੰ ਅਗੇ ਈ ਸੁਝਦੀ ਸੀ।

ਸ਼ਹਿਰੀਆ–ਮਾਂ ਜੀ, ਇਹ ਕੋਈ ਨਵੀਂ ਗਲ ਏ, 'ਆਉਣ ਪਰਾਈਆਂ ਜਾਈਆਂ ਵਿਛੋੜਨ ਸਕਿਆਂ ਭਾਈਆਂ।'

ਰੱਜੀ–ਹੁਣ ਕਿਧਰ ਗਏ ਨੇ? ਵੇ ਭਾਈ ਤੂੰ ਸਿਆਣਾ ਬਿਆਣਾ ਏਂ ਕੋਈ ਸਿਖ ਮਤ ਈ ਦੇਣੀ ਸੀ।

ਸ਼ਹਿਰੀਆ–ਮੈਂ ਬੜਾ ਸਮਝਾਇਆ ਏ, ਤਾਹੀਓਂ ਤਾਂ ਹਟੇ ਨੇ, ਨਹੀਂ ਤਾਂ ਖ਼ੂਨ ਨਾ ਡੁੱਲ੍ਹਾ ਹੁੰਦਾ ਇਥੇ।

ਰੱਜੀ–ਮੈਂ ਦੇਖਾਂ, ਫੇਰ ਨਾਂ ਲੜ ਪੈਣ। ਖੌਰੇ ਕਿਧਰ ਗਏ ਨੇ ਹੁਣ?

ਸ਼ਹਿਰੀਆ–ਵੱਡੇ ਨੂੰ ਗੁਰਦਵਾਰੇ ਭੇਜਿਆ ਏ ਮੱਥਾ ਟੇਕਣ ਅਤੇ ਛੋਟਾ ਠਾਕਰ ਦੁਆਰੇ ਗਿਆ ਏ ਭੁਲ ਬਖਸ਼ਾਉਣ।

ਰੱਜੀ–ਭਲਾ ਹੋਵੇ ਤੇਰਾ ਬਾਬੂ, ਤੂੰ ਤਾਂ ਸਾਨੂੰ ਸਮਾਨੋ ਕੋਈ ਦੇਵਤਾ ਬਹੁੜਿਆ ਏਂ।

ਸ਼ਹਿਰੀਆ–ਮਾਤਾ ਜੀ, ਸਾਡਾ ਕੰਮ ਈ ਇਹੋ ਏ, ਭੁਲਿਆਂ ਨੂੰ ਰਾਹੇ

ਪੌਣਾ ਅਤੇ ਵਿਛੜਿਆਂ ਨੂੰ ਮਿਲਾਉਣਾ। ਇਤਫਾਕ ਵਿਚ ਬੜੀ ਤਾਕਤ ਏ।

ਦਾਤੀ ਆਪਣੀ ਥਾਂ ਤੇ ਰਖ ਦਿੰਦਾ ਹੈ।

ਰੱਜੀ—ਵੱਡਾ ਮੁੰਡਾ ਬੜਾ ਗੁਸੈਲ ਏ, ਕੀ ਕਰੀਏ।

ਸ਼ਹਿਰੀਆ—ਛੋਟਾ ਵੀ ਘੱਟ ਨਹੀਂ। ਮਾਈ, ਤਾੜੀ ਦੋਹਾਂ ਹੱਥਾਂ ਨਾਲ ਵਜਦੀ ਏ।

ਰੱਜੀ—ਭਾਈ, ਕਿਹੜੇ ਮੂੰਹ ਨਾਲ ਤੇਰੀ ਸਿਫਤ ਕਰਾਂ। ਆ ਬੈਠ ਗਰਾਹੀ ਖਾ ਲੈ ਮਖਣ ਨਾਲ। ਨਾਲੇ ਲੱਸੀ ਦਾ ਘੁਟ ਪੀ ਲੈ। ਸਾਡੇ ਗ਼ਰੀਬਾਂ ਕੋਲ ਇਹੋ ਰੁੱਖਾ ਮਿੱਸਾ ਹੁੰਦਾ ਏ।

ਸ਼ਹਿਰੀਆ—ਮਾਈ, ਤੁਹਾਡੇ ਲੋਕਾਂ ਦਾ ਈ ਖਾਈਦਾ ਏ ਰੋਜ਼।

ਰੱਜੀ—ਫੇਰ ਹੋਰ ਕੋਈ ਸੇਵਾ ਸਾਡੇ ਗੋਚਰਾ?

ਸ਼ਹਿਰੀਆ—ਮੈਂ ਥੋੜ੍ਹੇ ਜਹੇ ਪਠੇ ਲੈਣ ਆਇਆ ਸਾਂ, ਚੌਧਰੀ ਗੁਰਦਿੱਤਾ ਮਲ ਪਤਾ ਨਹੀਂ ਕਿਧਰ ਚਲੇ ਗਿਆ ਏ।

ਰੱਜੀ—ਪੰਚਾਇਤ ਜੁੜੀ ਹੋਈ ਆ ਨਾ ਪਿੰਡ ਵਿਚ, ਉਥੇ ਹੋਣਾ ਏਂ। ਘੋਰ ਕਲਜੁਗ ਆ ਗਿਆ ਏ। ਉਲਟੀਆਂ ਈ ਗੱਲਾਂ ਸੁਣੀਂਦੀਆਂ ਨੇ ਨਿਤ! ਨਿਕੀ ਨਿਕੀ ਗੱਲ ਪਿਛੇ ਲੜਾਈ ਝਗੜੇ ਹੁੰਦੇ ਨੇ।



ਸ਼ਹਿਰੀਆ—ਮਾਈ, ਜ਼ਮਾਨਾ ਗਰਕ ਹੋਣ ਤੇ ਆ ਗਿਆ ਏ।

ਰੱਜੀ—ਭਾਈ, ਫੇਰ ਤੂੰ ਪੱਠੇ ਲੈ ਜਾ ਜਿੰਨੇ ਲਿਜਾਣੇ ਨੇ। ਪੁੱਛਣ ਪਛਾਣ ਦੀ ਕਿਹੜੀ ਗੱਲ ਏ।

ਸ਼ਹਿਰੀਆ—ਬਸ ਇਕ ਲੱਦਾ ਚਾਹੀਦਾ ਏ। (ਹਸਦਾ ਹੋਇਆ) ਅਸੀਂ ਵੀ ਲਵੇਰਾ ਤੁਹਾਡੇ ਆਸਰੇ ਈ ਰਖ ਲਿਆ ਏ।

ਰੱਜੀ—ਭਾਈ, ਜਿਹਾ ਤੂੰ ਸਾਡਾ ਦਰਦੀ ਏਂ, ਭਾਵੇਂ ਰੋਜ ਲੱਦਾ ਲੈ ਜਾਇਆ ਕਰ, ਕਿਹੜੇ ਮੁਲ ਦੇ ਨੇ। ਬੇਰੀਆਂ ਵਾਲੇ ਖੂਹ ਤੇ ਹੱਥ ਲਾਇਆ ਹੋਇਆ ਏ।

ਸ਼ਹਿਰੀਆ—ਪੁਛ ਲਵਾਂਗਾ ਮੈਂ, ਫਿਕਰ ਨਾ ਕਰੋ।

ਸ਼ਹਿਰੀਆ ਖੁਸ਼ੀ ਖੁਸ਼ੀ ਘਰ ਚਲਾ ਜਾਂਦਾ ਹੈ। ਰੱਜੀ ਗੱਲ ਵਿਚ ਪੱਲਾ ਪਾ ਕੇ ਬੇਨਤੀਆਂ ਕਰਦੀ ਹੈ।

ਰੱਜੀ—ਹੇ ਪ੍ਰਮਾਤਮਾ! ਬਚਾਈਂ ਕਲਾ ਕਲੇਸ਼ ਤੋਂ। ਖੌਰੇ ਕਿਹੜੇ ਦੂਤੀ ਦੁਸ਼ਮਨ ਨੇ ਸਾਡੇ ਘਰ ਸੇਹ ਦਾ ਤਕਲਾ ਗੱਡ ਦਿੱਤਾ ਏ। ਮੁੰਡਿਆਂ ਦੇ ਮਨ ਸੁਮਤ ਪਾਈਂ, ਇਹ ਕੱਠ ਬਣਿਆ ਰਹੇ ਇਸੇ ਤਰ੍ਹਾਂ।

ਸਰਦਾਰਾ ਅਤੇ ਜੈ ਕੌਰ ਆਉਂਦੇ ਹਨ।

ਸਰਦਾਰਾ—(ਗੁੱਸੇ ਨਾਲ) ਮਾਂ, ਜਿਹੜੇ ਲੱਛਣ ਤੂੰ ਫੜੇ ਹੋਏ ਨੇ, ਜ਼ਰੂਰ ਸਾਡੇ ਸਿਰ ਪੜਵਾ ਕੇ ਛੱਡੇਂਗੀ।

ਰੱਜੀ—ਵੇ ਪੁਤ ਇੱਦਾਂ ਨਾ ਆਖ, ਮੈਂ ਤੁਹਾਡੀ ਕੋਈ ਦੋਖੀ ਆਂ, ਮੈਂ ਤਾਂ ਪ੍ਰਮਾਤਮਾ ਅਗੇ ਹਰ ਵੇਲੇ ਹੱਥ ਜੋੜਦੀ ਆਂ ਕਿ ਕਿਸੇ ਤਰ੍ਹਾਂ ਇਹ ਕੱਠ ਬਣਿਆ ਰਹੇ! ਧੀਰਜ ਨਾਲ ਦਸ, ਗੱਲ ਕੀ ਏ?

ਸਰਦਾਰਾ—ਧੀਰਜ ਵਾਲੀ ਗੱਲ ਰਹਿਣ ਦਿੱਤੀ ਏ ਤੂੰ।

ਰੱਜੀ—ਪਤਾ ਵ੍ਹੀ ਲਗੇ ਕੀ ਕਸੂਰ ਏ ਮੇਰਾ।

ਸਰਦਾਰਾ—ਕਿੰਨੀ ਨਿਆਣੀ ਬਣਦੀ ਏ ਹੁਣ, ਕਸੂਰ ਦਾ ਜਿਵੇਂ ਪਤਾ ਈ ਨਹੀਂ ਏਹਨੂੰ।

ਰੱਜੀ—ਲਾ ਦਿੱਤਾ ਏ ਲੂੰਬਾ ਇਨ੍ਹਾਂ ਕਲਹਿਣੀਆਂ ਨੇ ਔਂਦਿਆਂ ਸਾਰ। ਮੈਨੂੰ ਅਗੇ ਈ ਦਿਸਦੀ ਸੀ, ਇਨ੍ਹਾਂ ਜ਼ਰੂਰ ਕੋਈ ਕਾਰਾ ਕਰਵਾ ਕੇ ਛੱਡਣਾ ਏਂ।

ਸਰਦਾਰਾ—ਇਨ੍ਹਾਂ ਕੀ ਸਿਖਾਣਾ ਏਂ, ਮੇਰੇ ਦੀਦੇ ਨਹੀਂ।

ਰੱਜੀ—ਕਾਕਾ, ਦੀਦੇ ਹੋਣ ਤਾਂ ਇਹ ਗੱਲਾਂ ਨਾ ਆਖੇਂ ਮੈਨੂੰ। ਪਹਿਲਾਂ ਤੋਂ ਈ ਤੂੰ ਲਾਈ ਲਗ ਏਂ ਅਜ ਕੋਈ ਨਵੀਂ ਗਲ ਏ।



ਸਰਦਾਰਾ—ਤੂੰ ਹਰ ਵੇਲੇ ਉਨ੍ਹਾਂ ਦੀ ਰੈ ਕਰਦੀ ਏਂ। ਸਾਰੀ ਦੁਫੇੜ ਤੇਰੀ ਪਾਈ ਹੋਈ ਏ।

ਰੱਜੀ—ਵੇ ਪੁੱਤਾ, ਮੈਂ ਕੋਹੜੀ ਹੋ ਕੇ ਮਰਾਂ ਜੇ ਮੇਰੇ ਮਨ ਵਿਚ ਕੋਈ ਗੱਲ ਹੋਵੇ। ਦੋਵੇਂ ਮੇਰੇ ਢਿੱਡ ਦੇ ਜਾਏ ਨਹੀਂ, ਜਿਹਾ ਤੂੰ ਤਿਹਾ ਕਰਤਾਰਾ। ਪਰਮੇਸ਼ਰ ਤੋਂ ਪਾਵਾਂ ਜੇ ਕੋਈ ਫਰਕ ਕਰਾਂ।

ਸਰਦਾਰਾ—ਜੇ ਫੇਰ ਉਹ ਭੇਡ ਜਹੀ ਅਵਾ ਤਵਾ ਬੋਲੀ, ਮੈਂ ਟੰਗਾਂ ਭੰਨ ਕੇ ਰਖ ਦੇਊਂਗਾ।

ਕਰਤਾਰਾ—(ਛੇਤੀ ਛੇਤੀ ਆ ਕੇ) ਕੀਹਦੀਆਂ ਟੰਗਾਂ ਭੰਨ ਕੇ ਰਖ ਦੇਏਂਗਾ, ਓਇ, ਤੂੰ ਵੱਡਾ ਕਾਹਨ।

ਰੱਜੀ—ਚੁਪ ਰਹੁ ਵੇ ਕਰਤਾਰਿਆ, ਤੈਨੂੰ ਨਹੀਂ ਕਿਹਾ।

ਸਰਦਾਰਾ—ਤੇਰੀ ਲਗਦੀ ਦੀਆਂ ਹੋਰ ਕੀਹਦੀਆਂ।

ਕਰਤਾਰਾ—ਅਪਣੀਆਂ ਨਾ ਭਨਾ ਬਹੀਂ।

ਸਰਦਾਰਾ—ਹੈ ਹਿੰਮਤ?

ਕਰਤਾਰਾ—ਹੋਰ ਨਹੀਂ?

ਸਰਦਾਰਾ—ਮਤੇ ਸਹੁਰਿਆਂ ਦੇ ਸਿਰ ਤੇ ਭੂਤਿਆ ਫਿਰਦਾ ਹੋਵੇਂ, ਬੁਥਾੜ ਭੰਨ ਕੇ ਰਖ ਦੇਊਂਗਾ।

ਕਰਤਾਰਾ-ਅਪਣਾ ਨਾ ਭਨਾ ਬੈਠੀਂ, ਐਡੇ ਗੁਮਾਨ 'ਚ ਨਾ ਰਹੀਂ।

ਰੱਜੀ—ਚੁਪ ਕਰ ਵੇ ਕਰਤਾਰਿਆ, ਵੱਡਾ ਭਰਾ ਏ।

ਕਰਤਾਰਾ—ਵੱਡਾ ਭਰਾ ਏ ਤਾਂ ਮੈਨੂੰ ਘਰੋਂ ਕਢ ਦੇਊ।

ਸਰਦਾਰਾ—ਓਇ ਘਰੋਂ ਕਢਣ ਦੀਆਂ ਤਾਂ ਸਗੋਂ ਤੂੰ ਵਿਉਂਤਾਂ ਬਣਾਉਂਦਾ ਫਿਰਦਾ ਏਂ।

ਕਰਤਾਰਾ—ਮੈਨੂੰ ਵੀ ਪਤਾ ਜਿਹੜੀਆਂ ਸਾਜਸ਼ਾਂ ਤੂੰ ਕਰੀ ਫਿਰਦਾ ਏਂ।

ਸਰਦਾਰਾ—ਮੈਂ ਵੀ ਜਾਣਦਾਂ ਸਭੋ ਕੁਝ ਜੋ ਤੂੰ ਅੰਦਰੋਂ ਅੰਦਰ ਕਰ ਰਿਹਾ ਏਂ।

ਬਾਬਾ ਗੁਰਦਿੱਤਾ ਮਲ ਛੇਤੀ ਛੇਤੀ ਆਉਂਦਾ ਹੈ।

ਬਾਬਾ—ਓਇ ਇਹ ਕੀ ਛਿੰਜ ਪਾਈ ਹੋਈ ਏ ਘਰ ਵਿੱਚ।

ਰੱਜੀ—(ਪਰਦਾ ਕਰਦੀ ਹੋਈ) ਬਾਪੂ, ਖੌਰੇ ਇਨਾਂ ਸਿਰ ਕੀ ਭੂਤ ਸੁਆਰ ਹੋ ਗਿਆ ਏ।

ਬਾਬਾ—ਸਬਰ ਨਾਲ ਗਲ ਕਰੋ ਹੋਇਆ ਕੀ ਏ ?

ਰੱਜੀ—ਸਿਰ ਪਾੜਨ ਨੂੰ ਪੈਂਦੇ ਨੇ ਇਕ ਦੂਜੇ ਦਾ, ਮਸਾਂ ਹਟਾਏ ਨੇ।

ਬਾਬਾ—ਮੈਨੂੰ ਇਨ੍ਹਾਂ ਦੇ ਚਾਲੇ ਕਈ ਦਿਨਾਂ ਤੋਂ ਅਵੈੜੇ ਦਿਸਦੇ ਸਨ, ਪਰ ਅਜ ਗਲ ਛਿੜ ਕਿਸ ਤਰ੍ਹਾਂ ਪਈ।

ਸਰਦਾਰਾ—ਬਾਪੂ, ਇਹਨੂੰ ਸਮਝਾ ਲੈ ਲੋਕਾਂ ਦੇ ਵਹੇ ਚੜ੍ਹਿਆ



ਹੋਇਆ ਏ।

ਕਰਤਾਰਾ—ਵਹੇ ਮੈਂ ਨਹੀਂ ਚੜ੍ਹਿਆ ਹੋਇਆ ਸਗੋਂ ਤੈਨੂੰ ਆਪਣੀ ਭਲਵਾਨੀ ਦਾ ਵਧੇਰੇ ਮਾਣ ਏ।

ਸਰਦਾਰਾ—ਤੂੰ ਵਧਦਾ ਨਾ ਜਾਹ ਓਇ ਟੁੱਟੇ ਛਿੱਤਰ ਵਾਂਗ, ਮੌਰ ਭਨਾ ਬੈਠੇਂਗਾ ਐਥੋਂ।

ਕਰਤਾਰਾ—ਹਥ ਨੂੰ ਹਥ ਏ, ਇਕ ਮਾਰੇਂਗਾ ਦੋ ਖਾਏਂਗਾ।

ਸਰਦਾਰਾ—ਦੇਖ ਈ ਲਵਾ ਤੇਰਾ ਜ਼ੋਰ।

ਕਰਤਾਰਾ—ਆ ਦੇਖ ਲੈ।

ਬਾਬਾ—(ਵਿਚ ਖੜਾ ਹੋ ਕੇ) ਓਏ ਬੇ-ਸ਼ਰਮੋ ਕੋਈ ਹਯਾ ਕਰੋ, ਕੋਈ ਅਕਲ ਦੀ ਗਲ ਕਰੋ।

ਦੋਵੇਂ ਸੋਟੇ ਚੁਕ ਕੇ ਇਕ ਦੂਜੇ ਵਲ ਵਧਦੇ ਹਨ।

ਸ०ਦਾਰਾ—(ਜੈ ਕੌਰ ਨੂੰ) ਹਟ ਜਾਹ ਇਕ ਬੰਨੇ, ਮੈਨੂੰ ਦੇਖ ਲੈਣ ਦੇ ਇਹਦਾ ਜ਼ੋਰ।

ਕਰਤਾਰਾ—ਆ ਫੇਰ ਵਧ ਅੱਗੇ।

ਬਾਬਾ—(ਸਰਦਾਰੇ ਨੂੰ ਫੜਦਾ ਹੋਇਆ) ਛਡਦਾ ਏਂ ਕਿ ਨਹੀਂ ਸੋਟਾ!

ਸਰਦਾਰਾ—ਤੂੰ ਉਹਦੀ ਰਈ ਨਾ ਕਰ ਬਾਪੂ।

ਬਾਬਾ—ਤੈਨੂੰ ਮੇਰੀ ਧੌਲੀ ਦਾੜ੍ਹੀ ਦਾ ਵੀ ਖਿਆਲ ਨਹੀਂ ?
ਸਰਦਾਰਾ—ਨਹੀਂ, ਇਕ ਬੰਨੇ ਹੋ ਜਾ !
ਬਾਬਾ—ਲੜੋ ਮਰੋ ਫੇਰ ।

ਈਸਰ ਕਾਹਲੀ ਕਾਹਲੀ ਆਉਂਦਾ ਹੈ ।

ਈਸਰ—(ਫੜ ਕੇ) ਸਰਦਾਰਾ ਸਿਹਾਂ, ਕੀ ਹੋਇਆ ਈ ਮਤ ਨੂੰ ।
ਸਰਦਾਰਾ—ਹਟ ਜਾ ਓਇ ਈਸਰਾ ।
ਈਸਰਾ—ਓਇ ਮੈਂ ਤਾਂ ਤੈਨੂੰ ਬੜਾ ਸਿਆਣਾ ਸਮਝਦਾ ਸੀ ।
ਰੱਜੀ—ਵੇ ਪੁੱਤਾ, ਤੂੰ ਹੀ ਕੁਝ ਅਕਲ ਕਰ, ਸਿਆਣਾ ਬਣ ।
ਕਰਤਾਰਾ—ਮਾਂ ਹਟ ਜਾ ਇਕ ਬੰਨੇ, ਤੇਰੇ ਨਾ ਲਗ ਜਾਵੇ, ਮੁਕਣ ਦੇ ਗਲ ਅਜ ।
ਰੱਜੀ—ਛਡ ਸੋਟਾ ।
ਕਰਤਾਰਾ—ਛਡਦੀ ਏਂ ਕਿ ਨਹੀਂ ਸੋਟਾ ।
ਰੱਜੀ—ਵੇ ਮੈਂ ਤੇਰੀ ਮਾਂ ਨਹੀਂ ?
ਕਰਤਾਰਾ—ਨਹੀਂ । ਹਟ ਜਾ ਇਕ ਪਾਸੇ ।
ਰੱਜੀ—ਬੇਸ਼ਰਮਾ, ਮਾਂ ਤੋਂ ਵੀ ਮੁਨਕਰ ਹੋ ਗਿਆ ਏਂ ?
ਕਰਤਾਰਾ—ਆਹੋ, ਇਕ ਪਾਸੇ ਹੋ ਜਾ ।
ਰੱਜੀ—ਲੜੋ ਮਰੋ ਜਿੱਦਾ ਜੀ ਕਰਦਾ !



ਇਕ ਪਾਸੇ ਹੋ ਜਾਂਦੀ ਹੈ । ਲੋਕੀ ਕਰਤਾਰੇ ਨੂੰ ਫੜ ਲੈਂਦੇ ਨੇ ।

ਈਸਰ—ਜਾਓ ਲੋਕੋ, ਤਮਾਸ਼ਾ ਹੁੰਦਾ ਏਥੇ ਕੋਈ ।
ਬਾਬਾ—(ਬੜੇ ਦੁਖ ਨਾਲ) ਖੜੇ ਰਹਿਣ ਦੇ ਈਸਰਾ, ਤਮਾਸ਼ਾ ਈ ਤਾਂ ਬਣ ਗਿਆ ਏ ਸਾਡਾ ਘਰ । ਲੋਕਾਂ ਦੇ ਝਗੜੇ ਨਜਿਠਦੇ ਹੁੰਦੇ ਸਾਂ, ਅਜ ਲੋਕੀ ਸਾਡੇ ਨਬੇੜਨ ਆਉਣਗੇ ।

ਚੋਧਰੀ ਤੇ ਭੋਲੇ ਸ਼ਾਹ ਆਉਂਦੇ ਹਨ ।

ਚੋਧਰੀ—(ਅਗੇ ਵਧ ਕੇ) ਗੁਰਦਿੱਤਾ ਮਲ, ਬਿਨ੍ਹਾਂ ਨੂੰ ਵਖੋ ਵਖ ਕਿਉਂ ਨਹੀਂ ਕਰਦਾ ।
ਸ਼ਾਹ—ਵੰਡੋ ਦਾਣਾ ਫੱਕਾ, ਨਿਤ ਦਾ ਕਲਾ ਕਲੇਸ਼ ਮਟਾਓ ।
ਚੌਧਰੀ—ਸ਼ਾਹ ਠੀਕ ਕਹਿੰਦਾ ਏ, ਇਹ ਝਗੜਾ ਮਿਟ ਈ ਨਹੀਂ ਸਕਦਾ ਜਿੰਨਾ ਚਿਰ ਤਕ ਇਹ ਵਖੋ ਵਖ ਨਹੀਂ ਹੁੰਦੇ ।
ਬਾਬਾ—ਹੋਰ ਰਾਹ ਈ ਕਿਹੜਾ ਰਹਿ ਗਿਆ ਏ । ਕਰੋ ਜਿੱਦਾਂ ਤੁਸੀਂ ਕਹਿੰਦੇ ਓ । ਸਦੋ ਪੰਚਾਂ ਨੂੰ ।
ਈਸਰ—ਪੰਚਾਇਤ ਦੇ ਚਾਰ ਮੈਂਬਰ ਤਾਂ ਏਥੇ ਨੇ, ਲੰਬੜਦਾਰ ਨੂੰ ਬੁਲਾ ਲਓ ।
ਚੌਧਰੀ—ਵਛਾ ਓਇ ਮੁੰਡਿਆ ਸਫ ।

ਇਕ ਮੁੰਡਾ ਸਫ ਵਛਾਉਂਦਾ ਹੈ ।

ਬਾਬਾ—ਇਨ੍ਹਾਂ ਬੇਸ਼ਰਮਾਂ ਨੇ ਪਿਉ ਦਾ ਵੀ ਖਿਆਲ ਨਹੀਂ ਕੀਤਾ। ਉਹ ਮੁਲਕ ਦੀ ਆਜ਼ਾਦੀ ਖਾਤਰ ਆਜ਼ਾਦ ਫੌਜ ਵਿੱਚ ਮਰ ਗਿਆ ਏ,ਇਹ ਘਰ ਵਿਚ ਦੁਫੇੜ ਪਾਈ ਬੈਠੇ ਨੇ।

ਚੌਧਰੀ—ਇਨ੍ਹਾਂ ਗੱਲਾਂ ਦਾ ਕੋਈ ਫਾਇਦਾ ਨਹੀਂ, ਵੰਡ ਵੰਡਾਈ ਕਰੋ ਸੁਲਾ ਸਫਾਈ ਨਾਲ।

ਸ਼ਾਹ—ਵੇਹੜੇ ਵਿਚ ਕੰਧ ਪਾ ਦਿਓ, ਜੇ ਝਗੜਾ ਨਜਿਠਣਾ ਏਂ।

ਚੌਧਰੀ—ਫੇਰ ਇਹ ਦਰੱਖਤ ਜ਼ਰੂਰ ਕਟਣਾ ਪਵੇਗਾ।

ਸ਼ਾਹ—ਕਟ ਛਡੋ ਕੀ ਫ਼ਰਕ ਪੈਂਦਾ ਏ।

ਬਾਬਾ—ਇਹ ਮੈਂ ਨਹੀਂ ਹੋਣ ਦਿਆਂਗਾ।

ਸ਼ਾਹ—ਹਰਜ਼ ਕੀ ਏ ਗੁਰਦਿੱਤਾ ਮਲ।

ਬਾਬਾ—ਮੇਰੇ ਪੁਤ ਦੇ ਹੱਥਾਂ ਦਾ ਲਾਇਆ ਹੋਇਆ ਏ, ਉਹਦੀ ਨਿਸ਼ਾਨੀ ਏ।

ਈਸਰ—ਦਿਲ ਨ ਦੁਖਾਓ ਬਾਬੇ ਦਾ, ਦ੍ਰੱਖਤ ਨੂੰ ਰਹਿਣ ਦਿਓ।

ਚੌਧਰੀ—ਪਰ ਰੋਜ਼ ਦਾ ਝਗੜਾ ਵੀ ਮਿਟਾਉਣਾ ਹੋਇਆ ਕਿਸੇ ਤਰ੍ਹਾਂ।

ਬਾਬਾ—ਚੰਗਾ ਏਸ ਤਰ੍ਹਾਂ ਕਰ ਲੈਣ, ਰੋਟੀ ਟੁਕ ਵਖ ਪਕਾਣ ਪਰ



ਕੰਮ ਸਾਂਝਾ ਰੱਖਣ।

ਈਸਰ—ਕਿਉਂ ਬਈ ਮੰਜ਼ੂਰ ਐ ?

ਕਰਤਾਰਾ—ਮੈਂ ਕੋਈ ਖੇਤੀ ਖੁਤੀ ਨਹੀਂ ਕਰਨੀ, ਮੇਰੇ ਹਿੱਸੇ ਦੀ ਜ਼ਮੀਨ ਵਖ ਕਰ ਦਿਓ, ਮੈਂ ਪਿੰਡ ਵਿਚ ਹੀ ਨਹੀਂ ਰਹਿਣਾ।

ਸਰਦਾਰਾ—ਕਰੋ ਜਿੱਦਾਂ ਕਹਿੰਦਾ ਏ, ਇਨ ਲਫਟੈਨ ਬਣ ਜਾਣਾ ਏਂ, ਪਿੰਡ ਨਹੀਂ ਰਹਿਣਾ।

ਕਰਤਾਰਾ—ਮੂੰਹ ਨੂੰ ਲਗਾਮ ਦੇ ਓਇ।

ਸਰਦਾਰਾ—ਤੈਨੂੰ ਦੱਸਾਂ ਲਗਾਮ ਦੇ ਕੇ।

ਈਸਰ—ਚੁਪ ਕਰੋ, ਪੰਚਾਇਤ ਦਾ ਤਾਂ ਲਿਹਾਜ਼ ਕਰੋ, ਵਧਦੇ ਨਾ ਜਾਓ।

ਕਰਤਾਰਾ—ਫੇਰ ਕੰਧ ਜ਼ਰੂਰ ਪਵੇਗੀ।

ਸਰਦਾਰਾ—ਹਾਂ ਜ਼ਰੂਰ ਪਏਗੀ।

ਈਸਰ—ਦੇਖੋ ਭਰਾਵੋ, ਕਾਹਲੀ ਨਾ ਕਰੋ, ਠੰਡੇ ਦਿਲ ਨਾਲ ਵੰਡ ਵੰਡਾਈ ਕਰ ਲਓ।

ਚੌਧਰੀ—ਵਿਹੜੇ ਵਿਚ ਕੰਧ ਦਿਤੇ ਬਿਨਾਂ ਗੁਜ਼ਾਰਾ ਨਹੀਂ ਹੋਣਾ।

ਸ਼ਾਹ—ਚੌਧਰੀ ਠੀਕ ਕਹਿੰਦਾ ਏ, ਇਕ ਐਧਰ ਹੋ ਜਾਵੇ ਦੂਜਾ ਓਧਰ। ਸਿੱਧੀ ਗਲ ਏ।

ਈਸਰ—ਤੁਸੀ ਚੰਗੀ ਸੁਲਾਹ ਸਫਾਈ ਕਰਾਉਣ ਆਏ ਓ। ਬਾਬਾ ਕਿਧਰ ਜਾਵੇਗਾ ?

ਬਾਬਾ—ਮੈਂ ਬਾਹਰਲੇ ਕੋਠੇ 'ਚ ਰਹਿ ਲਵਾਂਗਾ। ਇਸ ਘਰ ਵਿੱਚ ਮੈਂ ਹੁਣ ਰਹਿ ਵੀ ਨਹੀਂ ਸਕਦਾ। ਇਨ੍ਹਾਂ ਬੁਢੇ ਬਾਰੇ ਸਾਡੇ ਧੌਲਿਆਂ ਵਿਚ ਖੇਹ ਪਾਈ ਏ, ਨਿਜ ਦੇਖਦਾ ਮੈਂ ਇਹ ਦਿਹਾੜਾ।

ਈਸਰ—ਕਮਲਿਓ, ਜ਼ਿਦ ਨਾ ਕਰੋ, ਹੋਸ਼ ਕਰੋ, ਬਜ਼ੁਰਗ ਨੂੰ ਨਾਰਾਜ਼ ਨਾ ਕਰੋ। ਜਿਦਾਂ ਕਹਿੰਦਾ ਏ ਅੰਦਰ ਬੈਠ ਕੇ ਮਨ ਮਨੌਤੀ ਕਰ ਲਵੋ। ਰੋਟੀ ਟੁਕ ਬੇਸ਼ਕ ਅਲਹਿਦਾ ਪਕਾਓ, ਪਰ ਵਿਹੜਾ ਸਾਂਝਾ ਰਹਿਣ ਦਿਓ, ਤੰਗ ਵੇਹੜਾ ਹੋਣ ਨਾਲ ਦਿਲ ਵੀ ਤੰਗ ਹੋ ਜਾਣਗੇ।

ਸ਼ਾਹ—ਤੂੰ ਇਹਨਾਂ ਦੀ ਲੜਾਈ ਮਿਟਾਉਣੀ ਨਹੀਂ ਚਾਹੁੰਦਾ, ਸਗੋਂ ਵਧਾਉਣੀ ਚਾਹੁੰਦਾ ਏਂ।

ਚੌਧਰੀ—ਰਹਿਣ ਦੇ ਓਇ ਤੂੰ ਆਪਣੀ ਕਵੀਸ਼ਰੀ, ਰੋਜ਼ ਲੜਾਈ ਝਗੜਾ ਰਵੇਗਾ, ਤੂੰ ਛਡਾਉਣ ਆਇਆ ਕਰੇਂਗਾ ?

ਸ਼ਾਹ—ਇਹਨੂੰ ਕੀ ਸਮਝ ਏ, ਦਰਖਤ ਕਟੋ ਤੇ ਕੰਧ ਪਾਓ।

ਈਸਰ—ਬਾਬਾ, ਕਿਧਰ ਨੂੰ ਤੁਰ ਪਿਆ ਏਂ ?



ਬਾਬਾ—ਤੁਸੀ ਪੰਚ ਜਿੱਦਾਂ ਮੁਨਾਸਬ ਏ ਕਰ ਦਿਓ, ਮੈਂ ਚਲਦਾਂ।

ਈਸਰ—ਬਾਬਾ, ਤੂੰ ਸਰਪੰਚ ਏਂ ਤੈਥੋਂ ਬਿਨਾਂ ਕਿਹੜਾ ਫੈਸਲਾ ਹੋ ਸਕਦਾ ਏ।

ਬਾਬਾ—ਮੈਨੂੰ ਮਨਜ਼ੂਰ ਏ ਤੁਹਾਡਾ ਫੈਸਲਾ, ਮੈਂ ਹੁਣ ਇਸ ਘਰ ਵਿਚ ਸਾਹ ਵੀ ਨਹੀਂ ਲੈ ਸਕਦਾ, ਜਿਹੜੇ ਬਾਕੀ ਦੇ ਦਿਨ ਰਹਿੰਦੇ ਨੇ ਬਾਹਰ ਕਿਤੇ ਕਟ ਲਵਾਂਗਾ, ਤੁਸੀਂ ਕਰੋ ਫੈਸਲਾ ਜਿੱਦਾਂ ਇਹ ਚਾਹੁੰਦੇ ਨੇ।

ਚੌਧਰੀ—ਜਾਣ ਦਿਓ, ਅਸੀਂ ਕਰਦੇ ਆਂ ਫ਼ੈਸਲਾ।

ਈਸਰ—ਚਾਚੀ, ਤੂੰ ਵੀ ਤੁਰ ਪਈ ਏਂ।

ਰੱਜੀ—ਜਿੱਥੇ ਬਾਪੂ ਉਥੇ ਮੈਂ, ਇਨ੍ਹਾਂ ਸਾਨੂੰ ਕੱਖੋਂ ਹੌਲੇ ਕਰ ਛਡਿਆ ਏ। ਜੀਣ ਦਾ ਕੋਈ ਧਰਮ ਰਹਿ ਗਿਆ ਏ।

ਈਸਰ—ਚਾਚੀ, ਇਹ ਲੜ ਕੇ ਮਰ ਜਾਣਗੇ।

ਰੱਜੀ—ਸਾਡੇ ਇਹ ਹੁਣ ਕੁਝ ਨਹੀਂ ਲਗਦੇ, ਜਿੱਦਾਂ ਮਰਜ਼ੀ ਏ ਕਰਨ, ਸਾਡੇ ਭਾਣੇ ਇਹ ਜੀਂਦੇ ਹੀ ਮਰ ਗਏ ਨੇ।

ਈਸਰ—ਚਾਚੀ, ਪੁਤ ਕਪੁਤ ਹੋ ਜਾਂਦੇ ਨੇ ਮਾਪੇ ਕੁਮਾਪੇ ਨਹੀਂ ਹੁੰਦੇ।

ਰੱਜੀ—ਇਸ ਕਲਜੁਗ ਵਿਚ ਸਭ ਕੁਝ ਹੋ ਜਾਂਦਾ ਏ।

ਸ਼ਾਹ—ਜਾਣ ਦਿਓ ਮਨ ਭਰਿਆ ਹੋਇਆ ਏ, ਆਪੇ ਆ ਜਾਣਗੇ।

ਚੌਧਰੀ—ਆਓ ਪਈ ਜੁਆਨੋ ਬੈਠੋ, ਕਰੀਏ ਤੁਹਾਡਾ ਫੈਸਲਾ, ਓਇ ਈਸਰਾ, ਤੂੰ ਕਿਧਰ ਨੂੰ ਤੁਰ ਪਿਆ ਏਂ ?

ਈਸਰ—ਤੁਹਾਡੀ ਨੀਤ ਭੈੜੀ ਏ, ਮੈਂ ਇਸ ਫੈਸਲੇ ਵਿਚ ਸ਼ਾਮਲ ਨਹੀਂ ਹੋ ਸਕਦਾ।

ਚੌਧਰੀ—ਵੇਖ ਓਇ, ਦਿਮਾਗ਼ ਖਰਾਬ ਹੋ ਗਿਆ ਏ ਇਹਦਾ। ਚਲੋ ਜਾਣ ਦਿਓ ਜੇ ਜਾਂਦਾ ਏ, ਅਸੀਂ ਕਰ ਦਿੰਦੇ ਆਂ ਵੰਡ ਵੰਡਾਈ।

ਸ਼ਾਹ—(ਸਰਦਾਰੇ) ਤੂੰ ਕਿਹੜਾ ਪਾਸਾ ਲੈਣਾ ਪਈ।

ਸਰਦਾਰਾ—ਚੜ੍ਹਦਾ ਪਾਸਾ !

ਕਰਤਾਰਾ—ਚੜ੍ਹਦਾ ਪਾਸਾ ਮੈਂ ਲੈਣਾ।

ਸਰਦਾਰਾ—ਮੈਂ ਲੈਣਾ ਏਂ।

ਕਰਤਾਰਾ—ਮੈਂ ਲੈਣਾ ਏਂ।

ਚੌਧਰੀ—ਚਲੋ ਲਾਟਰੀ ਪਾ ਲਓ, ਜਿਹਨੂੰ ਮਰਜ਼ੀ ਆ ਜਾਵੇ।

ਸ਼ਾਹ—ਸਿੱਧੀ ਇਨਸਾਫ਼ ਦੀ ਗਲ ਏ।

ਚੌਧਰੀ ਜੇਬ ਵਿਚੋਂ ਪੈਸਾ ਕਢਦਾ ਹੈ

ਪਰਦਾ

# ਨਾਟ ਤੀਜਾ

## ਜਨਵਰੀ ੧੯੫੪

ਝਾਕੀ:—ਓਹੋ ਘਰ, ਪਰ ਵਿਹੜੇ ਦੇ ਵਿਚਕਾਰ ਕੰਧ ਪਈ ਹੋਈ ਹੈ ਅਤੇ ਦਰੱਖਤ ਕਟਿਆ ਹੋਇਆ ਹੈ। ਉਸ ਦੇ ਮੁਢ ਵਿਚੋਂ ਇਕ ਕਰੂੰਬਲ ਨਿਕਲ ਰਹੀ ਹੈ। ਘਰ ਦੇ ਸੱਜੇ ਪਾਸੇ ਵਲ ਕਰਤਾਰਾ ਰਾਮ ਅਤੇ ਖੱਬੇ ਬੰਨੇ ਸਰਦਾਰਾ ਸਿੰਘ ਰਹਿੰਦਾ ਹੈ। ਪਰਦਾ ਉਠਣ ਸਮੇਂ ਇਕ ਬਾਜ਼ੀਗਰਨੀ ਸਿਰ ਤੇ ਟੋਕਰਾ ਚੁੱਕੀ ਆਉਂਦੀ ਹੈ।

ਬਾਜ਼ੀਗਰਨੀ—ਲੈ ਲਓ ਨੀ ਕੋਈ ਘੁੱਘੂ ਘੋੜੇ (ਕੋਈ ਜਵਾਬ ਆਉਂਦਾ ਨਾ ਦੇਖ ਕੇ) ਰੱਜੀ ਦੀਆਂ ਨੂੰਹਾਂ ਖੌਰੇ ਕਿੱਧਰ ਗਈਆਂ ਨੇ ਅਜ।

ਸਤਿਆ—ਸਾਡੇ ਨਹੀਂ ਕੋਈ ਨਿਆਣਾ (ਇਸ਼ਾਰਾ ਕਰਕੇ) ਓਧਰ ਦੇ ਹੋਕਾ ਜਾ ਕੇ।

ਬਾਜ਼ੀ--ਨੀ ਰੱਜੀ ਨਹੀਂ ਔਂਦੀ ਹੁੰਦੀ ਕਦੇ ?

ਸਤਿਆ--ਨਹੀਂ ।

ਬਾਜ਼ੀ--ਬੜਾ ਜੀ ਕਰਦਾ ਸੀ ਮਿਲਣ ਨੂੰ, ਬਹੁਤ ਚੰਗੀ ਤੀਵੀਂ ਏਂ । ਲੱਸੀ ਪਾਣੀ ਪਲਾ ਦਿੰਦੀ ਸੀ ।

ਸਤਿਆ--ਵਾੜੇ ਵਿਚ ਰਹਿੰਦੀ ਏ ਮਿਲ ਆ ਜਾ ਕੇ ।

ਬਾਜ਼ੀ--ਅੱਛਾ ! (ਸਰਦਾਰੇ ਦੇ ਘਰ ਦੇ ਅੱਗੇ ਜਾ ਕੇ) ਲੈ ਲਓ ਨੀ ਕੋਈ ਘੁੱਘੂ ਘੋੜੇ ।

ਜੈ ਕੌਰ--ਦੇ ਜਾ ਨੀ ਖਡੌਣੇ ਨਿਆਣਿਆਂ ਨੂੰ ।

*ਉਹ ਟੋਕਰਾ ਲਾਹ ਕੇ ਬੈਠ ਜਾਂਦੀ ਹੈ । ਜੈ ਕੌਰ ਪੱਲੇ ਵਿਚ ਦਾਣੇ ਲੈ ਕੇ ਆਉਂਦੀ ਹੈ । ਬੱਚੇ ਘੁਘੂ ਘੋੜੇ ਲੈ ਕੇ ਬੜੇ ਖੁਸ਼ ਹੁੰਦੇ ਹਨ ਅਤੇ ਘੁਘੂ ਵਜਾਉਂਦੇ ਹੋਏ ਬਾਹਰ ਨੂੰ ਨੱਸ ਜਾਂਦੇ ਹਨ । ਸਤਿਆ ਬਚਿਆਂ ਵਲ ਬੜੀਆਂ ਸੱਧਰਾਂ ਨਾਲ ਦੇਖਦੀ ਹੈ । ਜੈ ਕੌਰ ਅੰਦਰ ਚਲੀ ਜਾਂਦੀ ਹੈ । ਕਰਤਾਰਾ ਆਉਂਦਾ ਹੈ ।*

ਸਤਿਆ--ਬੜਾ ਹਮਸੋਸਿਆ ਹੋਇਆ ਏਂ, ਕੀ ਗੱਲ ਏ ?



ਕਰਤਾਰਾ--ਕੁਝ ਨਹੀਂ !

ਸਤਿਆ--ਫੇਰ ਮੂੰਹ ਕਿਉਂ ਵਟਿਆ ਈ, ਲੜ ਤੇ ਨਹੀਂ ਪਿਆ ਕਿਸੇ ਨਾਲ ?

ਕਰਤਾਰਾ--(ਲੰਮਾ ਸਾਹ ਲੈ ਕੇ) ਨਹੀਂ !

ਸਤਿਆ--ਗੱਲ ਤੇ ਜ਼ਰੂਰ ਏ ਤੇਰੇ ਢਿੱਡ ਵਿਚ ਕੋਈ, ਭਾਵੇਂ ਦਸ ਨਾ ਦਸ ।

ਕਰਤਾਰਾ--ਚਾਚੀ ਭਾਗੋ ਨੇ ਅਜ ਇਕ ਗੱਲ ਦੱਸੀ, ਮੇਰਾ ਤਾਂ ਦਿਲ ਨਹੀਂ ਖਲੋਂਦਾ !

ਸਤਿਆ--ਕੀ ਉਹ ਗੱਲ ਦੱਸਣ ਵਾਲੀ ਨਹੀਂ ?

ਕਰਤਾਰਾ--ਕਿਉਂ ਨਹੀਂ । ਕਹਿੰਦੀ ਏ ਤੁਹਾਡੀ ਮਾਂ ਪਰਸੋਂ ਨਵਾਂ ਚੰਨ ਚੜ੍ਹੇ ਗਲ ਵਿਚ ਪੱਲਾ ਪਾ ਕੇ ਸੁੱਖਾਂ ਸੁਖਦੀ ਸੀ ਪਈ ਮੇਰੇ ਕਰਤਾਰੇ ਦੇ ਇਕ ਬਾਲ ਹੋ ਜਾਏ ।

ਸਤਿਆ--(ਉਪਭਾਵਕ ਹੋ ਕੇ) ਅੱਛਾ !

ਕਰਤਾਰਾ--ਦੇਖੋ ਅਸੀਂ ਉਹਦੀ ਬਾਤ ਨਹੀਂ ਪੁਛਦੇ, ਉਹ ਸਾਡੀਆਂ ਸੁੱਖਾਂ ਲੋੜਦੀ ਏ ! ਸਚਮੁਚ ਮਾਪੇ ਮਾਪੇ ਈ ਹੁੰਦੇ ਨੇ ।

ਸਤਿਆ--ਫੇਰ ਸਾਡਾ ਕੀ ਕਸੂਰ ਏ, ਤੂੰਹੀਂ ਵਾਧੀ ਕੀਤੀ ਸੀ ।

ਕਰਤਾਰਾ--ਮੇਰਾ ਦਿਲ ਬੜਾ ਬੇਚੈਨ ਏ, ਦਿਲ ਕਰਦਾ ਏ

ਅਜ ਈ ਮਾਂ ਨੂੰ ਮਨਾ ਕੇ ਘਰ ਲੈ ਆਵਾਂ ।

ਸਤਿਆ—ਬੜੀ ਖੁਸ਼ੀ ਨਾਲ ਲੈ ਆ, ਰੋਕਦਾ ਕੌਣ ਏਂ, ਪਰ ਬਾਪੂ ਤੋਂ ਬਿਨਾਂ ਉਹਨੇ ਔਣਾ ਕੋਈ ਨਹੀਂ ।

ਕਰਤਾਰਾ—ਬਾਪੂ ਨੂੰ ਤਾਂ ਮੈਂ ਕਈ ਵਾਰ ਕਹਿ ਚੁੱਕਾਂ, ਉਹ ਨਹੀਂ ਮੰਨਦਾ, ਕਹਿੰਦਾ ਏ ਇਕ ਨਾਲ ਰਵਾਂ ਦੂਜੇ ਦਾ ਦੁਸ਼ਮਣ ਬਣਾਂ। ਮੈਂ ਕਿਸੇ ਨਾਲ ਵੀ ਨਹੀਂ ਰਹਿਣਾ ।

ਭੋਲੇ ਸ਼ਾਹ ਕੁਝ ਦੇਰ ਉਨ੍ਹਾਂ ਦੀਆਂ ਗੱਲਾਂ ਸੁਣਦਾ ਹੈ, ਫੇਰ ਅੱਗੇ ਆਉਂਦਾ ਹੈ ।

ਕਰਤਾਰਾ—ਆਓ ਸ਼ਾਹ ਜੀ ?

ਸ਼ਾਹ—ਹੁੱਕਾ ਦਿਤਾ ਸੀ ਸਤਿਆ ਦੇ ਭਰਾ ਨੇ, ਮੈਂ ਕਿਹਾ ਦਿੰਦਾ ਹੀ ਜਾਵਾਂ ।

ਸਤਿਆ—ਰਾਜ਼ੀ ਬਾਜ਼ੀ ਤਾਂ ਸਨ ਸਾਰੇ ?

ਸ਼ਾਹ—ਸਭ ਰਾਜ਼ ਖੁਸ਼ੀ ਨੇ ।

ਕਰਤਾਰਾ—(ਲੈ ਕੇ ਪਫੜਦਾ ਹੋਇਆ) ਸ਼ਾਹ ਜੀ, ਬੈਠਣਾ ਨਹੀਂ ਫੇਰ ?

ਸ਼ਾਹ—ਮੈਂ ਚਲਦਾਂ ਹੁਣ, ਹੱਟੀ ਖੋਲ੍ਹਣੀ ਏਂ ਜਾ ਕੇ, ਸਵੇਰ ਦੀ ਬੰਦ ਪਈ ਏ ।



ਉਹ ਦੋਵੇਂ ਪਫੜਦੇ ਪਫੜਦੇ ਅੰਦਰ ਚਲੇ ਜਾਂਦੇ ਹਨ । ਅਗੋਂ ਸਰਦਾਰਾ ਨਿਆਣੇ ਚੁੱਕੀ ਆਉਂਦਾ ਮਿਲਦਾ ਹੈ ।

ਸਰਦਾਰਾ—ਸ਼ਾਹ ਜੀ, ਕੀ ਗੱਲਾਂ ਹੁੰਦੀਆਂ ਸਨ ?

ਸ਼ਾਹ—ਮੈਂ ਤੇਰੇ ਵਲ ਈ ਆ ਰਿਹਾ ਸਾਂ, ਕਰਤਾਰਾ ਰਾਮ ਨੇ ਆਵਾਜ਼ ਮਾਰ ਲਈ ।

ਸਰਦਾਰਾ—ਸਾਡੇ ਬਰਖਿਲਾਫ ਈ ਗੱਲਾਂ ਕਰਦਾ ਹੋਣਾ ਏਂ ।

ਸ਼ਾਹ—(ਹਸਦਾ ਹੋਇਆ) ਬੜੀ ਭੈੜੀ ਆਦਤ ਏ ਮੁੰਡੇ ਦੀ ।

ਜੈ ਕੌਰ—ਦੇਖਿਆ, ਮੈਂ ਤੈਨੂੰ ਕਿਹਾ ਸੀ ਨਾ ਕਿ ਉਹ ਹਰ ਵੇਲੇ ਜਣੇ ਖਣੇ ਕੋਲ ਸਾਡੀਆਂ ਬਦਖੋਹੀਆਂ ਕਰਦੇ ਰਹਿੰਦੇ ਨੇ । ਤੂੰ ਮੰਨਦਾ ਨਹੀਂ ਸੀ, ਹੁਣ ਇਤਬਾਰ ਆ ਗਿਆ ਕਿ ਨਹੀਂ ।

ਸਰਦਾਰਾ—ਹਟ ਜਾਏਗਾ, ਸਬਰ ਕਰ ਤੂੰ ।

ਸ਼ਾਹ—ਉਹ ਫੇਰ ਮੁੰਡਾ ਖੁੰਡਾ ਏ, ਦੇਵੀ ਦੀ ਸਹੁੰ ਸਾਡੀ ਤੇਰੇ ਨਾਲ ਸਾਂਝ ਏ ।

ਸਰਦਾਰਾ—ਭੋਲੇ ਸ਼ਾਹ, ਸਾਡੇ ਨਾਲ ਵਰਤੇਂਗਾ ਤਾਂ ਜਾਣੇਂਗਾ ।

ਸ਼ਾਹ—ਉਹ ਸ਼ਹਿਰੀਆਂ ਦੇ ਅੱਡੇ ਚੜ੍ਹਿਆ ਹੋਇਆ ਏ, ਕਮਲਾ ਏ, ਅਸੀਂ ਤਾਂ ਪਿੰਡ ਵਾਲਿਆਂ ਨਾਲ ਵਰਤਣਾ ਆਖਰ ।

ਸਰਦਾਰਾ—ਅਸੀਂ ਪੇਂਡੂ ਲੋਕ ਹੋਏ ਸਿਧ ਪਧਰੇ, ਅੰਦਰੋਂ ਬਾਹਰੋਂ ਇਕ। ਇਹਨੂੰ ਸ਼ਹਿਰੀਆਂ ਦੀਆਂ ਹੇਰਾ ਫੇਰੀਆਂ ਦਾ ਪਤਾ ਨਹੀਂ ਅਜੇ, ਧੋਖਾ ਖਾਵੇਗਾ ਕਿਤੇ।

ਸ਼ਾਹ—ਆਪਣੀ ਕੀਤੀ ਭੁਗਤੇਗਾ ਸਾਨੂੰ ਕੀ, ਪਰ ਤੂੰ ਜ਼ਰਾ ਹੁਸ਼ਿਆਰ ਹੋ ਕੇ ਰਿਹਾ ਕਰ। ਉਹਨੇ ਅਫਸਰਾਂ ਨਾਲ ਬੜਾ ਮੇਲ ਗੇਲ ਵਧਾਇਆ ਏ। ਸਰਕਾਰੇ ਦਰਬਾਰੇ ਸੁਣੀਂਦੀ ਏ ਅਜ ਕਲ, ਤਾਹੀਓਂ ਤੇ ਪਸਤੌਲ ਦਾ ਲਸੰਸ ਲੈ ਲਿਆ ਏ।

ਸਰਦਾਰਾ—ਪਸਤੌਲ ਦਾ ਛਡਿਆ ਭਾਵੇਂ ਮਸ਼ੀਨ ਗੰਜ ਦਾ ਸਲੰਸ ਲੈ ਲੈ ਲਵੇ। ਇਨ੍ਹਾਂ ਫੋਕੀਆਂ ਧਮਕੀਆਂ ਤੋਂ ਨਹੀਂ ਅਸੀਂ ਧਰਕਣ ਵਾਲੇ। ਪਸਤੌਲ ਚਲਾਉਣ ਲਈ ਹੌਸਲਾ ਵੀ ਤੇ ਚਾਹੀਦਾ ਏ।

ਸ਼ਾਹ—ਹੌਸਲਾ ਉਹਦੇ ਵਿਚ ਬੜਾ ਏ ਅਜ ਕਲ, ਜਿਹਦੀ ਪਿਠ ਤੇ ਅਫਸਰ ਹੋਣ ਉਹਨੂੰ ਕੀਹਦਾ ਡਰ ਏ। ਦਿਨ ਦਿਹਾੜੇ ਕਤਲ ਕਰਕੇ ਬਰੀ ਹੋ ਜਾਂਦੇ ਨੇ ਇਹ ਲੋਕ।

ਸਰਦਾਰਾ—ਰਬ ਨੇੜੇ ਕਿ ਘਸੁੰਨ, ਅਫਸਰ ਤਾਂ ਜਦੋਂ ਬਹੁੜਨਗੇ ਉਦੋਂ ਈ ਬਹੁੜਨਗੇ, ਪਰ ਅਗਲਿਆਂ ਪਹਿਲੋਂ ਸਿਰ ਫੇਹ ਕੇ ਰਖ ਦੇਣਾ ਏਂ।



ਸਤਿਆ—(ਕਰਤਾਰੇ ਨੂੰ ਅੰਦਰ ਇਸ਼ਾਰਾ ਕਰ ਕੇ) ਗਾਲ੍ਹਾਂ ਕਢਦਾ ਏ ਸਾਨੂੰ।

ਕਰਤਾਰਾ—(ਬਾਹਰ ਆ ਕੇ) ਕਿਹਨੂੰ ਗਾਲ੍ਹਾਂ ਕਢਦਾ ਏ?

ਸਤਿਆ—ਸਾਨੂੰ ਹੋਰ ਕਿਹਨੂੰ। ਕਹਿੰਦਾ ਸਿਰ ਫੇਂਹ ਕੇ ਰਖ ਦਿਆਂਗਾ, ਨਿਕਲੇ ਤਾਂ ਸਹੀ ਬਾਹਰ।

ਕਰਤਾਰਾ—ਜਾਨ ਨਹੀਂ ਸੂ ਚਾਹੀਦੀ, ਇਹ ਖੌਰੇ ਕਿਹੜੀਆਂ ਹਵਾਵਾਂ 'ਚ ਉੜਦਾ ਫਿਰਦਾ ਏ।

ਭਾਂਡੇ ਖੜਕਦੇ ਹਨ ਅਤੇ ਸਤਿਆ ਬਿੱਲੀ ਨੂੰ ਸ਼ਸ਼ਕੇਰਦੀ ਹੈ।

ਜੈ ਕੌਰ—ਹਾ ਦੇਖ! ਖੌਰੇ ਕੀ ਬੰਬ ਪਏ ਤਿਆਰ ਕਰਦੇ ਨੇ!

ਸਰਦਾਰਾ—ਲਿਆਈਂ ਨੀ ਅੰਦਰੋਂ ਮੇਰਾ ਸਫਾਜੰਗ ਇਹਦੇ ਬੰਬ ਦੇਖ ਲਵਾਂ।

ਕਰਤਾਰਾ—ਫੜਾਈਂ ਮੇਰਾ ਪਸਤੌਲ, ਦੇਖ ਲਵਾਂ ਇਹਦੀ ਭਲਵਾਨੀ।

ਸਰਦਾਰਾ—ਹੱਟ ਜਾ ਛਡ ਦੇ ਤੂੰ ਮੈਨੂੰ, ਅਜ ਮੈਂ ਇਹਨੂੰ ਮਾਰ ਕੇ ਮਰ ਜਾਣਾ ਏਂ।

ਜੈ ਕੌਰ—(ਰੋਕਦੀ ਹੋਈ) ਪਹਿਲਾਂ ਸਾਡਾ ਗਲ ਘੁਟ ਦੇ। ਫੇਰ ਜੋ ਮਰਜ਼ੀ ਕਰੀਂ।

ਕਰਤਾਰਾ—ਇਕ ਬੰਨੇ ਹੋ ਜਾ, ਔਣ ਦੇ ਜ਼ਰਾ ਅੱਗੇ ਹੁਣੇ ਭੁੰਨ ਕੇ ਰਖ ਦਿੰਦਾਂ।

ਸਤਿਆ—ਗੋਲੀ ਨਾ ਚਲਾਈਂ ਨਹੀਂ ਤਾਂ ਫਾਹੇ ਲਗ ਜਾਏਂਗਾ।

ਵਹੁਟੀਆਂ ਦੇ ਰੋਕਦਿਆਂ ਦੋਵੇਂ ਅੱਗੇ ਵਧਦੇ ਹਨ। ਇੰਨੇ ਨੂੰ ਰੱਜੀ ਸੱਜੇ ਪਾਸੇ ਵਲੋਂ ਆਉਂਦੀ ਹੈ। ਹਥ ਵਿੱਚ ਉਸ ਦੇ ਸੋਟੀ ਹੈ, ਬਹੁਤ ਹੀ ਖਸਤਾ ਹਾਲਤ ਵਿੱਚ ਦਿਸਦੀ ਹੈ। ਉਨ੍ਹਾਂ ਨੂੰ ਲੜਦਿਆਂ ਦੇਖ ਕੇ ਪਹਿਲਾਂ ਖੜ ਜਾਂਦੀ ਹੈ। ਕਰਤਾਰਾ ਰੱਜੀ ਨੂੰ ਪਹਿਲੋਂ ਦੇਖਦਾ ਹੈ ਅਤੇ ਪਸਤੌਲ ਸਤਿਆ ਨੂੰ ਦੇ ਦਿੰਦਾ ਹੈ। ਸਰਦਾਰਾ ਵੀ ਰੱਜੀ ਨੂੰ ਦੇਖ ਕੇ ਪਿੱਛੇ ਹਟ ਜਾਂਦਾ ਹੈ।

ਕਰਤਾਰਾ—ਮਾਂ !

ਰੱਜੀ ਆਵਾਜ਼ ਸੁਣ ਕੇ ਖੜ ਜਾਂਦੀ ਹੈ, ਉਸ ਦੇ ਚਿਹਰੇ ਤੇ ਅਜੀਬ ਭਾਵ ਪ੍ਰਗਟ ਹੁੰਦੇ ਹਨ ਫੇਰ ਦਿਲ ਕਰੜਾ ਕਰਕੇ ਤੁਰ ਪੈਂਦੀ ਹੈ।

ਕਰਤਾਰਾ—ਮਾਂ ! ਇਧਰ ਆ ਨਾ ਜ਼ਰਾ !



ਰੱਜੀ—ਮੈਂ ਨਹੀਂ ਹੁਣ ਕਿਸੇ ਦੀ ਮਾਂ !

ਸਰਦਾਰਾ—ਮਾਂ, ਸਾਡੇ ਘਰ ਤਾਂ ਆ ਜਾ, ਅਸੀਂ ਤਾਂ ਤੈਨੂੰ ਕੁਝ ਨਹੀਂ ਕਿਹਾ।

ਰੱਜੀ—ਮੇਰੇ ਲਈ ਤਾਂ ਦੋਵੇਂ ਜੀਂਦੇ ਮਰ ਗਏ ਓ।

ਕਰਤਾਰਾ—ਮਾਂ, ਤੇਰਾ ਸਰੀਰ ਕੰਬ ਰਿਹਾ ਏ, ਬੈਠ ਲੈ ਜ਼ਰਾ।

ਸਤਿਆ—ਮਾਂ, ਕੀ ਹੋਇਐ ਤੈਨੂੰ ਅਜ !

ਜੋ ਕੌਰ—ਮਾਂ ਤੂੰ ਇੱਦਾਂ ਰੁਲ ਰਹੀ ਏਂ, ਚਲ ਘਰ।

ਰੱਜੀ—ਇਹ ਸਭ ਤੁਹਾਡੀਆਂ ਕਰਤੂਤਾਂ ਨੇ। ਤੁਸੀਂ ਮੁੰਡਿਆਂ ਨੂੰ ਸਿਖਾ ਭੜਕਾ ਕੇ ਲੜਾਇਆ ਏ।

ਦੋਵੇਂ ਪੈਰਾਂ ਨੂੰ ਹਥ ਲਾਉਂਦੀਆਂ ਹਨ।

ਰੱਜੀ—(ਰੋਂਦੀ ਹੋਈ) ਹਟ ਜਾਓ, ਛਡ ਦਿਓ ਮੇਰੇ ਪੈਰ, ਤੁਹਾਡੇ ਸੁਹਾਗ ਕੈਮ ਰਹਿਣ।

ਸਰਦਾਰਾ—ਮਾਂ, ਜਾਣਦੇ ਗੁਸੇ ਨੂੰ, ਅਸੀਂ ਬਹੁਤ ਸ਼ਰਮਿੰਦੇ ਆਂ।

ਰੱਜੀ—ਕਿੱਦਾਂ ਭੁਲ ਜਾਵਾਂ ਤੁਹਾਡੀਆਂ ਕਰਤੂਤਾਂ, ਰੋ ਰੋ ਕੇ ਮੈਂ ਤਾਂ ਦੀਦੇ ਵੀ ਗਾਲ ਲਏ ਨੇ। (ਭਰੇ ਹੋਏ ਗਲੇ ਨਾਲ) ਅਜੇ ਤੇ ਇਨ੍ਹਾਂ ਪੋਟਿਆਂ ਵਿਚੋਂ ਗੰਦਰੀ ਵੀ ਨਹੀਂ ਨਿਕਲੀ ! ਲੋਕਾਂ ਦੇ ਸਿਖੇ ਸਿਖਾਏ ਤੁਸੀਂ ਸਾਨੂੰ ਕੱਖੋਂ ਹੌਲੇ ਕਰ ਛਡਿਆ ਏ ! ਕੁਤੇ ਜਿੰਨੀ

ਇੱਜ਼ਤ ਵੀ ਨਹੀਂ ਰਹੀ ਸਾਡੀ ਪਿੰਡ ਵਿੱਚ।

ਕਰਤਾਰਾ—ਮਾਂ, ਅਸੀਂ ਆਪਣੀ ਗਲਤੀ ਮੰਨਦੇ ਆਂ!

ਰੱਜੀ—ਬੇਸ਼ਰਮੋ, ਤੁਹਾਨੂੰ ਪਿਉ ਦੀ ਵੀ ਲਜ ਨਾ ਆਈ, ਉਹ ਮੁਲਖ ਦੀ ਖਾਤਰ ਦੇਸਾਂ ਪ੍ਰਦੇਸਾਂ ਵਿਚ ਲੜ ਕੇ ਮਰ ਗਿਆ ਏ, ਤੁਸੀਂ ਆਪੋ ਵਿਚ ਲੜ ਭਿੜ ਕੇ ਘਰ ਬਰਬਾਦ ਕਰਨ ਲੱਗੇ ਓ।

ਸਤਿਆ—ਮਾਂ, ਇਨ੍ਹਾ ਦਾ ਕੋਈ ਦੋਸ਼ ਨਹੀਂ, ਸਾਰਾ ਸਾਡਾ ਕਸੂਰ ਏ।

ਜੈ ਕੌਰ—ਸਾਨੂੰ ਮਾਫੀ ਦੇ ਮਾਂ। ਅੱਗੇ ਵਾਸਤੇ ਤੇਰੇ ਕਹਿਣ ਵਿੱਚ ਰਹਾਂਗੀਆਂ।

ਰੱਜੀ—ਮੈਂ ਕਹਿੰਦੀ ਸਾਂ ਇਸ ਘਰ ਵਿੱਚ ਮੇਰੀ ਡੋਲੀ ਆਈ ਸੀ, ਇਥੋਂ ਹੀ ਮੇਰੀ ਅਰਥੀ ਨਿਕਲੇ ਗੀ। ਕੀ ਪਤਾ ਅਜੇ ਕਿਥੇ ਰੁਲਣਾ ਏਂ।

ਰੋਂਦੀ ਰੋਂਦੀ ਤੁਰ ਪੈਂਦੀ ਹੈ।

ਕਰਤਾਰਾ—ਮਾਂ, ਅਸੀ ਤੇਰੇ ਕੁਪੁਤ ਆਂ, ਤੇਰਾ ਦਿਲ ਦੁਖਾਇਆ ਏ, ਸਾਡਾ ਗੁਨਾਹ ਮਾਫ ਕਰ। ਆ ਦੇਖ ਹਥ ਬੰਨ੍ਹਦੇ ਆਂ।

ਸਰਦਾਰਾ—ਮਾਂ, ਪੁੱਤਾਂ ਤੋਂ ਬਥੇਰੀਆਂ ਗਲਤੀਆਂ ਹੋ ਜਾਂਦੀਆਂ ਨੇ।

ਰੱਜੀ—ਰੱਬ, ਤੁਹਾਨੂੰ ਸੁਖੀ ਰਖੇ। ਜੀਂਦੇ ਵਸਦੇ ਰਵੋ।



ਰੋਂਦੀ ਹਈ ਫੇਰ ਤੁਰਨ ਲਗਦੀ ਹੈ।

ਕਰਤਾਰਾ—(ਰੋਕ ਕੇ) ਮਾਂ, ਅਸੀਂ ਤੈਨੂੰ ਬਿਲਕੁਲ ਨਹੀਂ ਜਾਣ ਦਿਆਂਗੇ, ਭਾਵੇਂ ਸਾਡੇ ਛਿੱਤਰ ਮਾਰ ਲੈ।

ਰੱਜੀ—ਜਿੰਨੀ ਦੇਰ ਬਾਪੂ ਨਹੀਂ ਮੰਨਦਾ, ਮੈਂ ਘਰ ਵਿਚ ਪੈਰ ਨਹੀਂ ਪਾ ਸਕਦੀ, ਉਹ ਪਹਿਲੋਂ ਤੇ ਮੈਂ ਪਿਛੋਂ।

ਸਰਦਾਰਾ—ਮਾਂ, ਅਸੀਂ ਅਜ ਬਾਪੂ ਨੂੰ ਵੀ ਮਨਾ ਲਵਾਂਗੇ, ਤੂੰ ਤਾਂ ਗੁੱਸਾ ਛਡ।

ਕਰਤਾਰਾ—ਅਗੋਂ ਲਈ ਸਦਾ ਤੇਰੀ ਆਗਿਆ ਵਿਚ ਰਵਾਂਗੇ।

ਇਕ ਮੁੰਡਾ ਦੌੜਾ ਦੌੜਾ ਆਉਂਦਾ ਹੈ। ਸਾਰਿਆਂ ਦਾ ਧਿਆਨ ਉਧਰ ਹੋ ਜਾਂਦਾ ਹੈ।

ਮੁੰਡਾ—(ਮੁਸ਼ਕਲ ਨਾਲ ਸਾਹ ਲੈਂਦਾ ਹੋਇਆ) ਬੇਬੇ, ਬੇਬੇ!

ਰੱਜੀ—ਵੇ ਕੀ ਹੋਇਆ?

ਮੁੰਡਾ—ਬਾਬੇ ਦੀ ਪੱਗ ਲਾਹ ਲਈ ਪਾਕਸਤਾਨੀਆਂ ਨੇ।

ਸਰਦਾਰਾ ਕਰਤਾਰਾ—(ਅੱਤ ਹੈਰਾਨੀ ਵਿਚ) ਹੈਂ! ਕਿਥੇ?

ਰੱਜੀ—ਹਾਇਆ ਮੈਨੂੰ!

ਮੁੰਡਾ—ਨਾਲੇ ਮਾਰਿਆ ਏ।

ਰੱਜੀ—ਫਿਟੇ ਮੂੰਹ ਇਹੋ ਜਹੀ ਗੰਦੀ ਉਲਾਦ ਦਾ ਜਿਨ੍ਹਾਂ ਲੜ ਭਿੜ ਕੇ

ਬਾਬੇ ਦੀ ਪਤ ਲੁਹਾ ਦਿੱਤੀ ਏ।

ਸਰਦਾਰਾ—ਮਾਂ, ਸਚ ਮੁਚ ਅਸੀਂ ਜੀਂਦੇ ਮਰ ਗਏ ਆਂ।

ਕਰਤਾਰਾ—ਇਹ ਸਭ ਕੁਝ ਸਾਡੇ ਲੜਨ ਭਿੜਨ ਕਰ ਕੇ ਹੋਇਆ ਏ।

ਰੱਜੀ—ਚੰਦਰਿਓ, ਤੁਹਾਡੀ ਫੁਟ ਨੇ ਤਾਂ ਸਾਨੂੰ ਮਿੱਟੀ ਵਿਚ ਮਿਲਾ ਦਿੱਤਾ ਏ।

ਸਰਦਾਰਾ-ਫੜਾਈਂ ਮੇਰਾ ਅੰਦਰੋਂ ਸਫਾ ਜੰਗ!

ਕਰਤਾਰਾ—ਖੜੀ ਕੀ ਝਾਕਦੀ ਏਂ, ਫੜਾਈ ਮੇਰਾ ਪਸਤੌਲ, ਸਾਡੇ ਜੀਣ ਦਾ ਹੁਣ ਕੋਈ ਧਰਮ ਰਹਿ ਗਿਆ ਏ।

ਸਰਦਾਰਾ—ਮਾਂ, ਹਾਂ ਤਾਂ ਅਸੀਂ ਬੜੇ ਨਾਲਾਇਕ ਪਰ ਜਾਂਦੀ ਵਾਰ ਦਾ ਪਿਆਰ ਤਾਂ ਦੇ ਦੇ ਸਾਨੂੰ।

ਕਰਤਾਰਾ—(ਪੈਰਾਂ ਨੂੰ ਛੂਹ ਕੇ) ਖੌਰੇ ਅਸੀਂ ਹੁਣ ਬਚ ਕੇ ਵੀ ਔਣਾ ਏਂ ਕਿ ਨਹੀਂ।

ਰੱਜੀ—(ਪਿਆਰ ਦੇ ਕੇ) ਜਾਓ ਪੁਤੇ ਤੁਹਾਡੀ ਖੁਆਜੇ ਜਿੱਡੀ ਉਮਰ ਹੋਵੇ, ਪਰ ਵਾਧੀ ਨਾ ਕਰਿਓ।

ਦੋਵੇਂ ਜਾਣ ਲਗਦੇ ਹਨ, ਅਗੋਂ ਈਸਰ ਕਾਹਲੀ ਕਾਹਲੀ ਆਉਂਦਾ ਹੈ।

ਈਸਰ—ਠਹਿਰੋ ਠਹਿਰੋ, ਜੋਸ਼ ਵਿਚ ਨਾ ਆਓ ਬਹੁਤੇ!



ਸਰਦਾਰਾ—ਸਾਨੂੰ ਧਰਤੀ ਵੇਂਹਲ ਨਹੀਂ ਦਿੰਦੀ ਤੂੰ ਜੋਸ਼ ਦਸਦਾ ਏਂ।

ਕਰਤਾਰਾ—ਈਸਰਾ, ਸਾਨੂੰ ਟੋਕ ਨ ਪਾ, ਅਸੀਂ ਪਿੰਡ ਵਿਚ ਮੂੰਹ ਦਖਾਉਣ ਜੋਗੇ ਨਹੀਂ ਰਹਿ ਗਏ।

ਈਸਰ—(ਰੋਕ ਕੇ) ਓਇ ਗਲ ਸੁਣ ਲਓ ਕਾਹਲਿਓ, ਫੇਰ ਜੋ ਮਰਜ਼ੀ ਏ ਕਰਿਓ।

ਸਰਦਾਰਾ—ਛੇਤੀ ਦਸ ਕੀ ਕਹਿਨਾ ਏਂ।

ਰੱਜੀ—ਵੇ ਬਾਪੂ ਦੇ ਬਹੁਤੀ ਸਟ ਤੇ ਨਹੀਂ ਵੱਜੀ?

ਈਸਰ—ਸੱਟ ਲੱਗੀ ਈ ਕੋਈ ਨਹੀਂ।

ਕਰਤਾਰਾ—ਤੂੰ ਸਾਨੂੰ ਠੰਡਾ ਕਰਨ ਲਈ ਝੂਠ ਬੋਲਦਾਂ ਏਂ।

ਸਰਦਾਰਾ—ਦਸ ਵੀ ਨਾ ਛੇਤੀ ਹੋਇਆ ਕੀ ਏ?

ਈਸਰ—ਮੀਰਾਂ ਕੋਟੀਏ ਨਵਾਬ ਦੇ ਬੰਦੇ ਸਾਡੇ ਪਸ਼ੂ ਚਾਰਦੇ ਮੁੰਡਿਆਂ ਨਾਲ ਖਹਿਬੜ ਪਏ ਸਨ। ਬਾਬਾ, ਦੋਹਾਂ ਧਿਰਾਂ ਨੂੰ ਛਡਾਉਂਦਾ ਸੀ, ਸਹਿਜ ਸੁਭਾ ਪਗ ਲਥ ਗਈ ਏ।

ਸਰਦਾਰਾ—ਉਹ ਅੱਗੇ ਵੀ ਬੜੀਆਂ ਤੱਦੀਆਂ ਕਰਦੇ ਨੇ, ਭੂਏ ਚੜੇ ਹੋਏ ਨੇ।

ਕਰਤਾਰਾ—ਚਲੋ ਦੇਖੀਏ ਉਨ੍ਹਾਂ ਦੇ ਹਥ ਅਜ।

ਦੋ ਤਿੰਨ ਪਿੰਡ ਦੇ ਹੋਰ ਮੁੰਡੇ ਡਾਗਾਂ ਚੁੱਕੀ ਆਉਂਦੇ ਹਨ।

ਇਕ ਮੁੰਡਾ—ਚਲੋ ਚਲੋ, ਅਸੀਂ ਤੁਹਾਡੇ ਨਾਲ ਆਂ।

ਦੂਜਾ ਮੁੰਡਾ—ਉਹ ਹੁੰਦੇ ਕੌਣ ਨੇ, ਸਾਡੇ ਬਜ਼ੁਰਗ ਨੂੰ ਮਾਰਨ ਵਾਲੇ ?

ਈਸਰ—ਠਹਿਰੋ ਭਰਾਵੋ, ਗੱਲ ਸੁਣੋ ਮੇਰੀ, ਬਾਬੇ ਦੇ ਕੋਈ ਸੱਟ ਨਹੀਂ ਵੱਜੀ ਤੇ ਨਾ ਹੀ ਕਿਸੇ ਨੇ ਪਗ ਲਾਹੀ ਏ। ਇਸ ਵਿੱਚ ਲੋਕਾਂ ਦਾ ਕੋਈ ਕਸੂਰ ਨਹੀਂ। ਇਹ ਨਵਾਬ, ਜਾਗੀਰਦਾਰ ਨਿੱਕੀਆਂ ਨਿੱਕੀਆਂ ਗੱਲਾਂ ਪਿਛੇ ਸਾਨੂੰ ਭੜਕਾਉਣਾ ਚਾਹੁੰਦੇ ਨੇ ਤਾਂ ਜੋ ਅਸੀਂ ਵੱਡੀਆਂ ਵੱਡੀਆਂ ਗੱਲਾਂ ਸੋਚ ਈ ਨਾ ਸਕੀਏ।

ਅਵਾਜ਼—ਸਚ ਕਹਿੰਦਾ ਏ ਈਸਰ।

ਸਰਦਾਰਾ—ਇਹ ਲਚਕਰ ਕਿਸੇ ਹੋਰ ਵੇਲੇ ਕਰੀਂ, ਨਿਬੜ ਲੈਣ ਦੇ ਤੂੰ ਸਾਨੂੰ ਅਜ ਉਨ੍ਹਾਂ ਨਾਲ।

ਕਰਤਾਰਾ—ਈਸਰਾ, ਮਦਦ ਕਰਨ ਦੀ ਥਾਂ ਤੂੰ ਸਾਨੂੰ ਰੋਕਦਾ ਏਂ।

ਈਸਰ—ਭਰਾਵੋ, ਮੈਂ ਤੁਹਾਡੇ ਨਾਲ ਆਂ ਮੈਂ ਵੀ ਚਲਦਾਂ ਪਰ ... ...

ਸਰਦਾਰਾ—ਇਹ ਤਾਂ ਗੱਲ ਹੋਈ ਨਾ ਮਰਦਾਂ ਵਾਲੀ। ਚਲ ਤੁਰ ਖਾਂ।

ਮੁੰਡਾ—ਚਲੋ, ਛੇਤੀ ਤੁਰੋ।



ਈਸਰ—ਪਰ ਇਕ ਮੇਰੀ ਗੱਲ ਸੁਣ ਲਓ। ਜ਼ਰਾ ਸੋਚ ਲਓ ਪਹਿਲਾਂ, ਜੇ ਹੁਣ ਅਸੀਂ ਜਾ ਕੇ ਦੋਂਹ ਚੋਂਹ ਦੀਆਂ ਪੱਗਾਂ ਲਾਹ ਆਵਾਂਗੇ ਤਾਂ ਇਸ ਨਾਲ ਮਸਲਾ ਕੋਈ ਹਲ ਨਹੀਂ ਹੋਣਾ, ਸਗੋਂ ਫ਼ਜ਼ੂਲ ਖਿਚੋਤਾਣ ਵਧੇਗੀ। ਉਹ ਇਕ ਮਾਰਨਗੇ ਅਸੀਂ ਦੋ ਮਾਰ ਲਵਾਂਗੇ। ਨਤੀਜਾ ਕੀ ਨਿਕਲੇਗਾ। ਆਖਰ ਸਾਡੇ ਭਰਾ ਨੇ ਉਹ ਵੀ, ਕੀ ਹੋਇਆ ਜੇ ਨਿਖੜ ਗਏ।

ਸਰਦਾਰਾ—ਫੇਰ ਹੋਰ ਕੀ ਚਾਹੁੰਦਾ ਏਂ ਤੂੰ ?

ਈਸਰ—ਸਾਡੇ ਲੜਾਈ ਝਗੜੇ ਨੇ ਉਨ੍ਹਾਂ ਦਾ ਹੌਂਸਲਾ ਵਧਾਇਆ ਏ। ਬਸ, ਸਾਰਾ ਪਿੰਡ ਇਕ ਜਾਨ ਹੋ ਜਾਓ, ਕੋਈ ਸਾਡੀ ਵਾ ਵਲ ਨਹੀਂ ਤਕ ਸਕਦਾ।

ਮੁੰਡਾ—ਲਓ ਬਾਬਾ ਵੀ ਆ ਗਿਆ ਏ !

ਬਾਬਾ—ਲੋਕੋ ਤਤ ਵਿੱਚ ਨਾ ਆਓ, ਮੇਰੀ ਕਿਸੇ ਪੱਗ ਨਹੀਂ ਲਾਹੀ। ਮੁੰਡਿਆਂ ਨੂੰ ਛਡਾਉਂਦਿਆਂ ਸਹਿਜ ਸੁਭਾ ਲੱਥ ਗਈ ਸੀ। (ਆਪਣੇ ਪੋਤਰਿਆਂ ਨੂੰ ਦੇਖ ਕੇ) ਪਰ ਹਾਂ, ਜੇ ਤੁਸੀਂ ਇਸੇ ਤਰ੍ਹਾਂ ਆਪੋ ਵਿਚ ਲੜਦੇ ਝੰਗੜਦੇ ਰਹੇ ਤਾਂ ਕਿਸੇ ਨਾ ਕਿਸੇ ਦਿਨ ਲੱਥ ਜ਼ਰੂਰ ਜਾਵੇਗੀ।

ਈਸਰ—ਬਾਬਾ ਜੀ ਠੀਕ ਕਹਿੰਦੇ ਨੇ, ਘਰ ਦੀ ਦੁਫੇੜ ਨਾਲ ਈ ਦੁਸ਼ਮਨ ਸ਼ੇਰ ਹੁੰਦਾ ਏ।

ਸਰਦਾਰਾ—ਬਾਪੂ ਸਾਨੂੰ ਹੋਰ ਠਿੱਠ ਨਾ ਕਰ, ਅਸੀਂ ਅਗੇ ਹੀ ਸ਼ਰਮ ਦੇ ਮਾਰੇ ਮਰਦੇ ਜਾਂਦੇ ਆਂ।

ਕਰਤਾਰਾ—ਬਾਪੂ, ਸਾਨੂੰ ਅਪਣੀ ਭੁਲ ਦਾ ਪਤਾ ਲਗ ਗਿਆ ਏ।

ਈਸਰ—ਮੈਂ ਇਨ੍ਹਾਂ ਨੂੰ ਲਖ ਸਮਝਾਇਆ ਪਈ ਫਸਾਦ ਦਾ ਮੂਲ ਸ਼ਹਿਰੀਆ ਸਾਨੂੰ ਲੜਾਉਂਦਾ ਏ। ਪਰ ਇਨ੍ਹਾਂ ਮੇਰੀ ਇਕ ਨਾ ਮੰਨੀ।

ਸਰਦਾਰਾ—ਇਹ ਦੁਸ਼ਟ ਮੈਨੂੰ ਕੁਝ ਕਹਿੰਦਾ ਰਿਹਾ।

ਕਰਤਾਰਾ—ਤੇ ਮੈਨੂੰ ਕੁਝ ਦਾ ਕੁਝ ਕਹਿੰਦਾ ਰਿਹਾ।

ਬਾਬਾ—ਹੁਣ ਤਾਂ ਹੋਸ਼ ਟਿਕਾਣੇ ਆ ਗਈ ਏ ਨਾ।

ਕਰਤਾਰਾ—ਅਜੇ ਸੀ ਵੀ ਨਹੀਂ ਆਉਣੀ।

ਈਸਰ—ਸ਼ਹਿਰੀਆ ਹੀ ਸਾਰੀ ਸ਼ਰਾਰਤਾਂ ਦੀ ਜੜ੍ਹ ਏ। ਪਹਿਲੋਂ ਫਰੰਗੀ ਦਾ ਏਜੰਟ ਸੀ, ਹੁਣ ਜਾਗੀਰਦਾਰਾਂ ਤੇ ਸਰਮਾਇਦਾਰਾਂ ਦਾ ਪਿੱਠੂ ਏ। ਇਹਦਾ ਕੰਮ ਈ ਲੜਾ ਭੜ੍ਹਾ ਕੇ ਆਪਣਾ ਉਲੂ ਸਿੱਧਾ ਕਰਨਾ ਏਂ।

ਕਰਤਾਰਾ—ਅੱਗੇ ਨੂੰ ਇਹਨੂੰ ਕੋਈ ਨਾ ਮੂੰਹ ਲਾਵੇ ਪਿੰਡ ਵਿੱਚ।



ਸਰਦਾਰਾ—ਵੜੇ ਤਾਂ ਸਹੀ ਪਿੰਡ ਵਿਚ, ਸਿਰ ਨਾ ਪਾੜ ਕੇ ਰਖ ਦੇਵਾਂ।

ਬਾਬਾ—ਇਹ ਦੇਸੀ ਅਖਬਾਰਾਂ ਵੀ ਰਾਈ ਦਾ ਪਹਾੜ ਖੜਾ ਕਰਦੀਆਂ ਨੇ।

ਸਰਦਾਰਾ—ਬਲਦੀ ਤੇ ਤੇਲ ਨਾ ਪੌਣ ਤਾਂ ਇਹਨਾਂ ਨੂੰ ਪੜ੍ਹੇ ਕੌਣ।

ਈਸਰ—ਪਿੰਡ ਦੇ ਲੋਕੋ! ਫੈਸਲਾ ਕਰੋ ਅਜ, ਦੁਫੇੜ ਪੌਣ ਵਾਲਾ ਕੋਈ ਅਖਬਾਰ ਪਿੰਡ ਵਿਚ ਵੜਨ ਨਹੀਂ ਦੇਣਾ।

ਕਰਤਾਰਾ—ਇਹ ਸ਼ਾਹ ਤੇ ਚੌਧਰੀ ਦੀ ਜੁੰਡੀ ਦਾ ਵੀ ਕੁਝ ਇਲਾਜ ਕਰੋ, ਨਹੀਂ ਤਾਂ ......

ਬਾਬਾ—ਪਰ ਲੋਕੋ ਸਭ ਤੋਂ ਵਧ ਸਾਡੀ ਆਪਣੀ ਮੂਰਖ ਮਤ ਤੇ ਤੰਗ ਦਿਲੀ ਏ! (ਪੋਤਰਿਆਂ ਨੂੰ ਲਾਕੇ) ਔਰਤਾਂ ਦੇ ਸਿਖੇ ਸਿਖਾਏ ਅਸੀਂ ਇਕ ਦੂਜੇ ਦੇ ਗਲੇ ਪੈਂਦੇ ਆਂ।

ਈਸਰ—ਭਰਾਵੋ, ਦੁਨੀਆਂ ਕਿਧਰੇ ਦੀ ਕਿਧਰੇ ਪੁਜ ਗਈ ਏ। ਅਸੀਂ ਨਿੱਕੀਆਂ ਨਿੱਕੀਆਂ ਗੱਲਾਂ ਪਿਛੇ ਰਾਹੋਂ ਕੁਰਾਹੇ ਪਏ ਹੋਏ ਆਂ। ਜਨਤਾ ਦੇ ਦੁਸ਼ਮਨਾਂ ਤੋਂ ਖਬਰਦਾਰ ਰਹੋ।

ਬਾਬਾ—(ਰੱਜੀ ਨੂੰ ਦੇਖ ਕੇ) ਰਜੀਏ, ਤੂੰ ਇਥੇ ਖੜੀ ਕੀ ਕਰਦੀ ਏਂ? ਬੇਸ਼ਰਮੋ ਤੁਹਾਨੂੰ ਚਪਣੀ 'ਚ ਪਾਣੀ ਪਾ ਕੇ ਡੁਬ ਮਰਨਾ

ਚਾਹੀਦਾ ਏ, ਵੇਖੋ ਘਰ ਦੀ ਫੁਟ ਨੇ ਤੁਹਾਡੀ ਮਾਂ ਦਾ ਕੀ ਹਾਲ ਕੀਤਾ ਏ। ਉਹਦੀਆਂ ਨੇਕੀਆਂ ਦਾ ਤੁਸੀ ਇਹ ਬਦਲਾ ਦੇ ਰਹੇ ਓ ?

ਈਸਰ—ਬਾਬਾ ਜੀ, ਜਾਣ ਦਿਓ ਹੁਣ ਗੁੱਸੇ ਨੂੰ। ਬਥੇਰੇ ਸ਼ਰਮਿੰਦੇ ਨੇ ਵਿਚਾਰੇ। ਨਹੁੰਆਂ ਨਾਲੋਂ ਮਾਸ ਵੱਖ ਨਹੀਂ ਹੋ ਸਕਦਾ। ਭੱਜੀਆਂ ਬਾਹਾਂ ਆਖਰ ਗੱਲਾਂ ਨੂੰ ਹੀ ਔਂਦੀਆਂ ਨੇ। ਤੁਹਾਡਾ ਲਹੂ ਪਾਣੀ ਸੀ, ਤਾਹੀਓਂ ਆਹ ਖਬਰ ਸੁਣ ਕੇ ਪੰਘਰਿਆ ਏ।

ਇਕ ਮੁੰਡਾ—ਇਹ ਤੇਰੀਆਂ ਸਭ ਮੰਨਣ ਨੂੰ ਤਿਆਰ ਨੇ।

ਬਾਬਾ—ਜਿੰਨਾ ਚਿਰ ਤਕ ਇਹ ਕੰਧ ਖੜੀ ਏ, ਮੈਂ ਵਿਹੜੇ ਵਿਚ ਪੈਰ ਨਹੀਂ ਪਾ ਸਕਦਾ। ਇਹ ਤੰਗ ਦਿਲੀਆਂ ਮਨਾਂ ਵਿੱਚ ਵੀ ਕੰਧ ਪਾ ਦਿੰਦੀਆਂ ਨੇ।

ਮੁੰਡਾ—ਬਾਬਾ, ਹੁਕਮ ਕਰ, ਅਸੀਂ ਹੁਣੇ ਢਾ ਕੇ ਰਖ ਦਿੰਦੇ ਆਂ। ਤੂੰ ਰਾਜੀ ਹੋ ਸਹੀ ਕਿਸੇ ਤਰ੍ਹਾਂ। ਇਕੱਠ ਦਾ ਜ਼ਮਾਨਾ ਏ।

ਈਸਰ—ਭਰਾਵੋ, ਅਸੀ ਭਾਰਤ ਦੀ ਸਰਹਦ ਤੇ ਬੈਠੇ ਆਂ, ਸਾਨੂੰ ਸਗੋਂ ਵਧੇਰੇ ਜੁੜ ਕੇ ਰਹਿਣਾ ਚਾਹੀਦਾ ਏ।

ਬਾਬਾ—ਮੇਰੇ ਸਾਹਮਣੇ ਆਪਣੀ ਮਾਂ ਦੇ ਪੈਰੀਂ ਹਥ ਲਾਓ ਅਤੇ



ਮਾਫੀ ਮੰਗੋ।

ਦੋਵੇ ਪੈਰੀਂ ਹਥ ਲਾਉਂਦੇ ਹਨ ਉਹ ਦੋਹਾਂ ਦੇ ਸਿਰਾਂ ਤੇ ਹਥ ਫੇਰਦੀ ਹੈ।

ਰੱਜੀ— ਜੀਂਦੇ ਰਹੋ, ਜੁਆਨੀਆਂ ਮਾਣੋ।

ਅੱਖਾਂ ਪੂੰਜਦੀ ਹੋਈ ਇਕ ਪਾਸੇ ਹੋ ਜਾਂਦੀ ਹੈ।

ਬਾਬਾ—(ਦੋਹਾਂ ਨੂੰ ਬਾਹਾਂ ਵਿਚ ਲੈ ਕੇ) ਪੁੱਤ੍ਰੋ, ਤੁਸੀ ਭਾਰਤ ਦੀ ਸੱਜੀ ਖੱਬੀ ਬਾਂਹ ਓ, ਜੇ ਤੁਸੀਂ ਆਪੋ ਵਿਚ ਲੜਦੇ ਝਗੜਦੇ ਰਹੋਗੇ ਤਾਂ ਫੇਰ ਬਾਕੀ ਮੁਲਕ ਦਾ ਕੀ ਬਣੇਗਾ। ਆਪਣੇ ਵਡ ਵਡੇਰਿਆਂ ਦੀਆਂ ਕਰਨੀਆਂ ਤੇ ਚੱਲੋ।

ਈਸਰ—ਬਾਬਾ, ਉਹ ਸ਼ਹਿਰੀਆ ਫੇਰ ਆ ਗਿਆ ਏ।

ਕਰਤਾਰਾ—ਅਜ ਤੇ ਬੜਾ ਘਬਰਾਇਆ ਹੋਇਆ ਜਾਪਦਾ ਏ !

ਮੁੰਡਾ—ਸ਼ਾਹ ਤੇ ਚੋਧਰੀ ਵੀ ਨਾਲ ਈ ਨੇ।

ਸਰਦਾਰਾ—ਫੜ ਲਓ ਇਹਨੂੰ ਧੌਣ ਤੋਂ ਸੁੱਕਾ ਨਾ ਜਾਵੇ ਅਜ।

ਲੋਕ—ਫਾਹੇ ਲਾਓ ਇਹਨੂੰ, ਜਾਵੇ ਨਾ।

ਦੋ ਚਾਰ ਮੁੰਡੇ ਅਗੇ ਵਧਣ ਲਗਦੇ ਹਨ।

ਬਾਬਾ—(ਲੋਕਾਂ ਨੂੰ ਰੋਕ ਕੇ) ਮੁੰਡਿਓ, ਕਾਹਲੀ ਨ ਕਰੋ, ਪਹਿਲੋਂ ਸੁਣ ਲਓ

ਕਹਿੰਦਾ ਕੀ ਏ, ਫੇਰ ਪਾਉਂਦੇ ਆਂ ਇਹਦੇ ਗਲ ਵਿਚ ਪਰਨਾ।

ਸਰਦਾਰਾ—ਜੇ ਅਜ ਵੀ ਉਸ ਕੋਈ ਸ਼ਰਾਰਤ ਕੀਤੀ, ਅਸੀਂ ਕੋਈ ਲਿਹਾਜ਼ ਨਹੀਂ ਕਰਨਾ।

ਬਾਬਾ—ਬੇਸ਼ਕ ਨਾ ਕਰਿਓ।

ਸ਼ਹਿਰੀਆ ਡਰਦਾ ਡਰਦਾ ਆਉਂਦਾ ਹੈ।
ਸ਼ਾਹ ਅਤੇ ਚੌਧਰੀ ਉਸ ਦੇ ਪਿਛੇ ਪਿਛੇ ਹਨ।

ਸ਼ਹਿਰੀਆ—ਭਰਾਵੋ, ਮੈਂ ਠੀਕ ਤੁਹਾਡਾ ਮੁਜਰਮ ਹਾਂ।

ਕਰਤਾਰਾ—ਤੇਰੀਆਂ ਕਰਤੂਤਾਂ ਦਾ ਸਭ ਨੂੰ ਪਤਾ ਲਗ ਚੁੱਕਾ ਏ।

ਸ਼ਹਿਰੀਆ—ਮੇਰੀ ਗਲ ਸੁਣ ਲਓ।

ਸਰਦਾਰਾ—ਮੂੰਹੋਂ ਫੁਟ ਵੀ ਨਾ ?

ਸ਼ਹਿਰੀਆ—ਤੁਹਾਡਾ ਗੁੱਸਾ ਜਾਇਜ਼ ਏ, ਪਰ ਸਜ਼ਾ ਦੇਣ ਤੋਂ ਪਹਿਲਾਂ ਮੇਰੀ ਅਰਜ਼ ਸੁਣ ਲਓ।

ਸਰਦਾਰਾ—ਬਾਬੂ, ਤੇਰੀਆਂ ਚਲਾਕੀਆਂ ਤੋਂ ਅਗੇ ਅਸੀ ਸਤੇ ਪਏ ਆਂ, ਤੂੰ ਭਰਾ ਭਰਾ ਨੂੰ ਪਾੜ ਛਡਿਆ ਏ।

ਸ਼ਹਿਰੀਆ—ਠੀਕ, ਮੈਂ ਤੁਹਾਡੇ ਵਿਚ ਫੁਟ ਪਾਉਂਦਾ ਰਿਹਾ ਹਾਂ। ਭਰਾ ਨੂੰ ਭਰਾ ਤੋਂ ਵਿਛੋੜਨ ਦਾ ਦੋਸ਼ੀ ਹਾਂ, ਪਰ ਇਹ ਨਿਰਾ ਮੇਰਾ ਕਸੂਰ ਨਹੀਂ। ਭਰਾਵੋ, ਇਹ ਸਦੀਆਂ ਦੀ ਗੁਲਾਮੀ



ਦੀ ਲਾਹਨਤ ਸੀ। ਇਸ ਜਨੂਨ ਦਾ ਸਭ ਤੋਂ ਵੱਡਾ ਨਜ਼ਾਰਾ ਤੁਸੀ ੧੯੪੭ ਦੀ ਕਟ ਵਢ ਦੇਖ ਚੁਕੇ ਹੋ। ਅੰਗਰੇਜ਼ ਦੀਆਂ ਚਲਾਕੀਆਂ ਨਾਲ ਸਾਡੇ ਦਿਮਾਗ ਵਿਚ ਭਰਿਆ ਹੋਇਆ ਇਹ ਜ਼ਹਿਰ ਇਕ ਦਿਨ ਵਿਚ ਨਹੀਂ ਸੀ ਉੱਤਰ ਸਕਦਾ। ਦੇਸ਼ ਪਿਆਰ ਦਾ ਜਜ਼ਬਾ ਜਦੋਂ ਕਿਸੇ ਦੇ ਖ਼ੂਨ ਚੋਂ ਨਿਕਲ ਜਾਂਦਾ ਏ, ਉਸ ਨੂੰ ਮੁੜ ਆਉਂਦਿਆਂ ਕੁਛ ਵਕਤ ਲਗਦਾ ਏ। ਅਸੀਂ ਸਦੀਆਂ ਪਿਛੋਂ ਬਦੇਸ਼ੀ ਹਕੂਮਤ ਤੋਂ ਛੁਟਕਾਰਾ ਪਾਇਆ ਏ। ਅਜ ਫੇਰ ਸਾਡੀ ਨਵੀਂ ਆਜ਼ਾਦੀ ਨੂੰ ਇਕ ਭਾਰੀ ਖਤਰਾ ਪੈਦਾ ਹੋ ਗਿਆ।

ਸਰਦਾਰਾ—ਉਹ ਕਿਹੜਾ ਖਤਰਾ !

ਸ਼ਹਿਰੀਆ—ਪਹਿਲਾਂ ਮੈਨੂੰ ਜੋ ਸਜ਼ਾ ਦੇਣੀ ਏ ਦੇ ਲਓ ਫੇਰ ਮੈਂ ਦਸਦਾ ਸਭ ਕੁਝ।

ਬਾਬਾ—ਬਾਬੂ ਸਾਹਿਬ, ਪੇਂਡੂਆਂ ਦੇ ਦਰਿਆ ਦਿਲਾਂ ਨੂੰ ਨਹੀਂ ਜਾਣਦੇ, ਤੁਸੀਂ। ਆਪਣੀ ਗਲਤੀ ਮਨ ਲਈ, ਅਸੀਂ ਮਾਫ ਕਰ ਦਿਤਾ। ਗਲ ਦਸੋ ਹੁਣ, ਕੀ ਨਵਾਂ ਖਤਰਾ ਪੈਦਾ ਹੋ ਗਿਆ ਏ ?

ਕਰਤਾਰਾ—ਛੇਤੀ ਦਸੋ।

ਈਸਰ—ਭਰਾਵੋ, ਆਪੋ ਆਪਣੀ ਜਗ੍ਹਾ ਤੇ ਬੈਠ ਜਾਓ, ਹੁਣੇ ਸ਼ਹਿਰੀ ਭਰਾ ਤੁਸਾਨੂੰ ਨਵੇਂ ਖ਼ਤਰੇ ਬਾਰੇ ਦੱਸੇਗਾ।

ਲੋਕੀ—ਛੇਤੀ ਦਸੋ, ਸਾਨੂੰ ਤਾਂ ਤੁਸੀਂ ਫਿਕਰਾਂ 'ਚ ਪਾ ਦਿੱਤਾ ਏ।

ਕਰਤਾਰਾ—ਮੁਲਕ ਦੀਆਂ ਅਗੋਂ ਹੋਰ ਤੇ ਵੰਡੀਆਂ ਨਹੀਂ ਪੈਣ ਲਗੀਆਂ ?

ਸ਼ਹਿਰੀਆਂ—ਭੈਣੋ ਤੇ ਭਰਾਵੋ, ਸਾਡੇ ਮੁਲਕ ਲਈ ਇਕ ਨਵਾਂ ਖਤਰਾ ਪੈਦਾ ਹੋ ਗਿਆ ਏ। ਅਮਰੀਕਾ ਨੇ ਪਾਕਿਸਤਾਨ ਨੂੰ ਫੌਜੀ ਇਮਦਾਦ ਦੇਣ ਦਾ ਗਠਜੋੜ ਕਰ ਲਿਆ ਏ। ਸਾਨੂੰ ਭਾਰਤ ਦੀ ਸਰਹਦ ਤੇ ਰਹਿਣ ਵਾਲਿਆਂ ਨੂੰ ਸਖਤ ਖਤਰਾ ਪੈਦਾ ਹੋ ਗਿਆ ਏ। ਪਾਕਿਸਤਾਨ ਫੌਜੀ ਇਮਦਾਦ ਹਾਸਲ ਕਰਕੇ ਨਾ ਸਿਰਫ ਕਸ਼ਮੀਰ ਵਿਚ ਹਲ ਚਲ ਮਚਾ-ਵੇਗਾ, ਸਗੋਂ ਸਾਰੇ ਏਸ਼ੀਆ ਲਈ ਭਾਰੇ ਖਤਰੇ ਦਾ ਕਾਰਨ ਬਣੇਗਾ। ਸਾਮਰਾਜੀ, ਸਾਡੇ ਮੁਲਕ ਨੂੰ ਦੂਜਾ ਕੋਰੀਆ ਬਨਾਉਣਾ ਚਾਹੁੰਦੇ ਨੇ। ਅਸੀ ਇਹ ਹਰਗਿਜ਼ ਨਹੀਂ ਹੋਣ ਦਿਆਂਗੇ। ਅਸੀਂ ਪੂਰਬੀ ਮੁਲਕਾਂ ਨੂੰ ਲੜਾਈ ਦਾ ਅਖਾੜਾ ਨਹੀਂ ਬਣਨ ਦਿਆਂਗੇ। ਆਖੋ ਸਾਰੇ, ਫੌਜੀ ਮੁਆਇਦਾ ਮੁਰਦਾਬਾਦ।



ਸਾਰੇ—ਫੌਜੀ ਮੁਆਦਾ ਮੁਰਦਾਬਾਦ!

ਸਰਦਾਰਾ—ਪਿਛਲੀ ਮੁਸੀਬਤ ਤੋਂ ਅਜੇ ਜਾਨ ਨਹੀਂ ਛੁੱਟੀ ਹੋਰ ਆਫਤ ਆ ਪਈ ਏ।

ਬਾਬਾ—ਪੰਜਾਬ ਦੇ ਜੰਮੇ ਨੂੰ ਨਿਤ ਮੁਹਿੰਮਾਂ, ਘਬਰਾਉਣ ਵਾਲੀ ਕੋਈ ਗਲ ਨਹੀਂ, ਅਸੀਂ ਭਾਰਤ ਦੇ ਪਹਿਰੇਦਾਰ ਹਾਂ। ਸਾਡਾ ਕੰਮ ਹੀ ਡਟ ਕੇ ਪਹਿਰਾ ਦੇਣਾ ਏਂ। ਸਾਡੇ ਲਈ ਇਹ ਕੋਈ ਨਵੀਂ ਗਲ ਨਹੀਂ। ਇਕੋ ਘਾਟਾ ਜਿਹੜਾ ਸਾਡੇ ਵਿੱਚ ਹੈ, ਉਸ ਨੂੰ ਪੂਰਾ ਕਰੋ: ਪੰਜਾਬ ਦੇ ਸਭ ਹਿੰਦੂ ਸਿਖ ਇਕ ਜਾਨ ਹੋ ਜਾਓ।

ਈਸਰ—ਭੈਣੋ ਤੇ ਭਰਾਵੋ।

ਮੁੰਡਾ—ਉਹ ਸੁਣ ਕਵੀਸ਼ਰ ਕੀ ਕਹਿੰਦਾ ਏ!

ਈਸਰ—ਅਪਣੇ ਇਤਹਾਸ ਵਲ ਜਰਾ ਨਜ਼ਰ ਮਾਰੋ, ਅਸੀਂ ਜਦੋਂ ਕਦੇ ਵੀ ਹਾਰੇ ਆਂ, ਕੇਵਲ ਫੁਟ ਦੇ ਕਾਰਨ। ਜੇ ਮਹਾਂ ਸਕੰਦਰ ਜਿਤਿਆ ਸੀ ਤਾਂ ਪੰਜਾਬ ਦੇ ਰਾਜਿਆਂ ਦੀ ਨਾ ਇਤਫਾਕੀ ਕਰਕੇ, ਜੇ ਮੁਹੰਮਦ ਗੌਰੀ ਕਾਮਯਾਬ ਹੋਇਆ ਸੀ ਤਾਂ ਰਾਜ-ਪੂਤ ਰਾਜਿਆਂ ਦੀ ਖੁਦਗਰਜ਼ੀ ਅਤੇ ਆਪੋ ਧਾਪ ਕਰਕੇ।

ਜੇ ਅੰਗਰੇਜ਼ ਸਫਲ ਹੋਇਆ ਸੀ ਤਾਂ ਚਲਾਕੀ ਨਾਲ ਅਤੇ ਪਾੜੋ ਤੇ ਰਾਜ ਕਰੋ ਵਾਲੀ ਪਾਲਿਸੀ ਵਰਤ ਕੇ।

ਆਵਾਜ਼—ਠੀਕ ਕਹਿੰਦਾ ਏ ਕਵੀਸ਼ਰ !

ਈਸਰ—ਆਓ, ਅਸੀਂ ਪੁਰਾਣੇ ਇਤਹਾਸ ਤੋਂ ਸਬਕ ਸਿਖੀਏ। ਭਾਰਤ ਨੂੰ ਕੋਈ ਖਤਰਾ ਨਹੀਂ, ਜੇ ਪੰਜਾਬ ਮਜਬੂਤ ਏ, ਪੰਜਾਬ ਮਜਬੂਤ ਤਾਂ ਹੀ ਹੋ ਸਕਦਾ ਏ ਜੇਕਰ ਸਭ ਹਿੰਦੂ ਸਿਖ ਸਦਾ ਲਈ ਇਕ ਮੁਠ ਹੋ ਜਾਣ।

ਬਾਬਾ—ਆਖੋ, ਸਾਰੇ ਹਿੰਦੂ ਸਿਖ ਭਾਈ ਭਾਈ।

ਸਾਰੇ—ਹਿੰਦੂ ਸਿਖ ਭਾਈ ਭਾਈ !

ਈਸਰ—(ਗਾਂਦਾ ਹੋਇਆ) ਹਿੰਦੂ ਸਿਖ ਨੇ ਭਾਈ ਭਾਈ,
ਭਾਰਤ ਦਾ ਸ਼ਿੰਗਾਰ।
ਇਹ ਦੋਵੇਂ ਅਜ ਜਾਗ ਪਏ ਨੇ,
ਦੇਸ ਦੇ ਪਹਿਰੇਦਾਰ।

ਦੇਸ ਲਈ ਜਲ੍ਹਿਆਂ ਵਾਲੇ ਵਿੱਚ, ਮਿਲ ਕੇ ਦੋਵਾਂ ਭਾਈਆਂ।
ਤੜ ਤੜ ਕਰਦੀਆਂ ਗੋਲੀਆਂ ਅਗੇ, ਕਠਿਆਂ ਹਿੱਕਾਂ ਡਾਹੀਆਂ।
ਦੇਖ ਕਰਾਰੇ ਹਥ ਫਰੰਗੀ, ਗਿਆ ਸਮੁੰਦਰੋਂ ਪਾਰ

# ਤੇਰਾ ਘਰ ਸੋ ਮੇਰਾ ਘਰ

(ਤਿਨੰਗ ਨਾਟਕ)

ਪ੍ਰੋ: ਹਰਚਰਨ ਸਿੰਘ ਐਮ. ਏ.
ਪੰਜਾਬ ਯੂਨੀਵਰਸਿਟੀ ਕਾਲਜ
ਨਵੀਂ ਦਿੱਲੀ

ਸੁੰਦਰ ਪੁਸਤਕ ਭੰਡਾਰ
ਗੁਫ਼ਾਰ ਮਾਰਕੀਟ,
ਕਰੋਲ ਬਾਗ, ਦਿੱਲੀ-ਲੁਧਿਆਣਾ

ਧੰਨਵਾਦੀ ਹਾਂ

ਈਸ਼ਵਰ ਚਿਤ੍ਰਕਾਰ, ਤਾਰਾ ਸਿੰਘ ਕਾਮਲ ਦਾ ਨਵੇਂ ਸੁਝਾਵਾਂ ਲਈ ਅਤੇ ਖਿਡਾਰੀਆਂ ਦਾ, ਜਿਨ੍ਹਾਂ ਨੇ ਇਸ ਨਾਟਕ ਨੂੰ ਚੰਡੀ ਗੜ੍ਹ, ਦਿੱਲੀ ਅਤੇ ਰੋਹਤਕ ਆਦਿ ਥਾਵਾਂ ਤੇ ਖੇਡ ਕੇ ਸਜੀਵ ਕੀਤਾ।

ਦੂਜੀ ਸੋਧੀ ਹੋਈ ਐਡੀਸ਼ਨ

ਅਕਤੂਬਰ ਸੰਨ ੧੯੫੬

ਪ੍ਰਕਾਸ਼ਕ: ਸੁੰਦਰ ਪੁਸਤਕ ਭੰਡਾਰ, ਗੁਫਾਰ ਮਾਰਕੀਟ,
ਕਰੋਲ ਬਾਗ, ਦਿੱਲੀ

ਪ੍ਰਿੰਟਰ: 'ਜਨਤਕ ਪ੍ਰੈਸ' ੧੨੯੭ ਲਾਜਪਤ ਰਾਇ ਮਾਰਕੀਟ,
ਚਾਂਦਨੀ ਚੌਕ, ਦਿਲੀ।

ਹਿੰਦੂ ਸਿਖ ਏਕਤਾ
ਦੇ
ਨਾਂ

ਹਿੰਦੂ ਸਿਖ ਨੇ ਭਾਈ ਭਾਈ ਭਾਰਤ ਦਾ ਸ਼ਿੰਗਾਰ।.........
ਜੇ ਕੋਈ *ਬੰਬ ਦਿਖਾਕੇ ਸਾਨੂੰ,
ਅਜ ਡਰਾਉਣਾ ਚਾਹੇ
ਨਾਨੀ ਯਾਦ ਕਰਾ ਦੇਵਾਂਗੇ, ਪਾ ਦੇਵਾਂਗੇ ਰਾਹੇ
ਇਕ ਮੁਠ ਹੋਇਆਂ ਦੇ ਹੁਣ ਸਾਡੇ
ਹਥ ਦੇਖੂ ਸੰਸਾਰ।
ਹਿੰਦੂ ਸਿਖ ਨੇ ਭਾਈ ਭਾਈ
ਭਾਰਤ ਦਾ ਸ਼ਿੰਗਾਰ।.........

ਪਰਦਾ

—o—

* ਐਟਮ ਤੇ ਹਾਈਡਰੋਜਨ ਬੰਬ।